ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20* Issue 193 | Friday, October 01, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਅੰਦਰ ਪੜ੍ਹੋ

ਅਮਰਿੰਦਰ ਵੱਲੋਂ ਅਮਿਤ ਸ਼ਾਹ ਦੇ ਬਾਅਦ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਵੀ ਮੁਲਾਕਾਤ


ਪੰਨਾ 05

# ਪਰਿਵਾਰ ਨੂੰ ਛੁੱਟੀ ਮਨਾਉਣ ਲਈ ਟੋਫੀਨੋ ਲਿਜਾਣ 'ਤੇ ਟਰੂਡੋ ਦੀ ਕੀਤੀ ਗਈ ਨੁਕਤਾਚੀਨੀ



ਓਟਵਾ, 30 ਸਤੰਬਰ (ਪੋਸਟ ਬਿਊਰੋ) : ਇੱਕ ਪਾਸੇ ਦੇਸ਼ ਵਿੱਚ ਪਹਿਲਾ ਫਰਸਟ ਨੈਸ਼ਨਲ ਡੇਅ ਆਫ ਟਰੁੱਥ ਐਂਡ ਰੀਕੌਂਸੀਲਿਏਸ਼ਨ ਮਨਾਇਆ ਜਾ ਰਿਹਾ ਸੀ ਤੇ ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਟੋਫੀਨੋ ਵਿੱਚ ਆਪਣੇ ਪਰਿਵਾਰ ਨਾਲ ਸਮਾਂ ਬਿਤਾ ਰਹੇ ਹਨ।

ਪ੍ਰਾਈਵੇਟ ਮੀਟਿੰਗਜ਼ ਵਿੱਚ ਹੋਣ ਦੀ ਗੱਲ ਆਖ ਕੇ ਟਰੂਡੋ ਨੇ ਆਪਣੇ ਆਫਿਸ ਤੋਂ ਇਹ ਪੁਸ਼ਟੀ ਕਰਵਾਈ ਕਿ ਅਗਲੇ ਕੁੱਝ ਦਿਨਾਂ ਲਈ ਉਹ ਵੈਨਕੂਵਰ ਵਿੱਚ ਹੋਣਗੇ। ਇਹ ਪਤਾ ਲੱਗਣ ਉਪਰੰਤ ਟਰੂਡੋ ਦੀ ਚੁਫੇਰਿਓਂ ਨੁਕਤਾਚੀਨੀ ਕੀਤੀ ਜਾ ਰਹੀ ਹੈ। ਪੀਐਮ ਆਫਿਸ ਵੱਲੋਂ ਇਹ ਸਫਾਈ ਦਿੱਤੀ ਗਈ ਕਿ ਇਸ ਟਰਿੱਪ ਵਿੱਚ ਟਰੂਡੋ ਪਹਿਲਾਂ ਬੁੱਧਵਾਰ ਰਾਤ ਨੂੰ ਹੋਣ ਵਾਲੀ ਸੈਰੇਮਨੀ ਵਿੱਚ ਹਿੱਸਾ ਲੈਣਗੇ। ...ਬਾਕੀ ਪੰਨਾ 6 'ਤੇ

# ਪਹਿਲੀ ਅਕਤੂਬਰ ਤੋਂ ਓਨਟਾਰੀਓ ਦੀਆਂ ਘੱਟ ਤੋਂ ਘੱਟ ਉਜਰਤਾਂ ਵਿੱਚ ਹੋਵੇਗਾ ਵਾਧਾ



ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਅਗਲੇ ਮਹੀਨੇ ਤੋਂ ਸ਼ੁਰੂ ਹੋਕੇ ਓਨਟਾਰੀਓ ਦੇ ਕਰਮਚਾਰੀਆਂ ਦੀਆਂ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਹੋਣ ਜਾ ਰਿਹਾ ਹੈ।

2018 ਤੋਂ 2020 ਤੱਕ ਇੱਕ ਘੰਟੇ ਲਈ ਘੱਟ ਤੋਂ ਘੱਟ ਉਜਰਤਾਂ 14 ਡਾਲਰ ਉੱਤੇ ਹੀ ਅਟਕੀਆ ਹੋਈਆਂ ਸਨ। ਕਈ ਸਾਲਾਂ ਵਿੱਚ ਇਨ੍ਹਾਂ ਉਜਰਤਾਂ ਵਿੱਚ ਹੋਣ ਵਾਲਾ ਇਹ ਦੂਜਾ ਵਾਧਾ ਹੈ। ਪਹਿਲੀ ਅਕਤੂਬਰ ਤੋਂ ਓਨਟਾਰੀਓ ਵਿੱਚ ਇੱਕ ਘੰਟੇ ਲਈ ਘੱਟ ਤੋਂ ਘੱਟ ਉਜਰਤਾਂ ਵਿੱਚ ਦਸ ਸੈਂਟ ਦਾ ਵਾਧਾ ਹੋਵੇਗਾ ਤੇ ਇਹ 14.25 ਡਾਲਰ ਤੋਂ 14.35 ਡਾਲਰ ਹੋ ਜਾਣਗੀਆਂ। ਵਿਦਿਆਰਥੀ ਤੇ ਸ਼ਰਾਬ ਸਰਵਰਜ਼ ਲਈ ਵੀ ਇਨ੍ਹਾਂ ਉਜਰਤਾਂ ਵਿੱਚ ਵਾਧਾ ਦਰਜ ਕੀਤਾ ਜਾਵੇਗਾ। ਵਿਦਿਆਰਥੀਆਂ ਲਈ ਇਹ ਵਾਧਾ 13.40 ਡਾਲਰ ਤੋਂ 13.50 ਡਾਲਰ ਹੋ ਜਾਵੇਗਾ ਜਦਕਿ ਸ਼ਰਾਬ ਸਰਵਰਜ਼ ਲਈ ਇਹ ਵਾਧਾ 12.45 ਤੋਂ 12.55 ਡਾਲਰ ਹੋ ਜਾਵੇਗਾ।

...ਬਾਕੀ ਪੰਨਾ 6 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

# ਟੋਰਾਂਟੋ ਈਸਟ ਡਿਟੈਂਸ਼ਨ ਸੈਂਟਰ ਵਿੱਚ ਐਲਾਨੀ ਗਈ ਕੋਵਿਡ-19 ਆਊਟਬ੍ਰੇਕ



ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਸਕਾਰਬੌਰੋ ਸਥਿਤ ਜੇਲ੍ਹ ਵਿੱਚ ਕੋਵਿਡ-19 ਦੇ ਘੱਟੋ ਘੱਟ ਤਿੰਨ ਦਰਜਨ ਮਾਮਲੇ ਸਾਹਮਣੇ ਆਉਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਤੋਂ ਬਾਅਦ ਟੋਰਾਂਟੋ ਪਬਲਿਕ ਹੈਲਥ ਵੱਲੋਂ ਇੱਥੇ ਆਊਟਬ੍ਰੇਕ ਐਲਾਨ ਦਿੱਤੀ ਗਈ।

ਸਾਲੀਸਿਟਰ ਜਨਰਲ ਦੇ ਮੰਤਰਾਲੇ ਵੱਲੋਂ ਕੀਤੀ ਗਈ ਪੁਸ਼ਟੀ ਅਨੁਸਾਰ ਵਾਰਡਨ ਐਵਨਿਊ ਅਤੇ ਐਗਲਿੰਟਨ ਐਵਨਿਊ ਈਸਟ ਨੇੜੇ ਟੋਰਾਂਟੋ ਈਸਟ ਡਿਟੈਂਨਸ਼ਨ ਸੈਂਟਰ ਵਿੱਚ ਕੋਵਿਡ-19 ਦੇ 34 ਮਾਮਲੇ ਪਾਏ ਗਏ। ਇਸ ਆਊਟਬ੍ਰੇਕ ਬਾਰੇ ਮੰਤਰਾਲੇ ਵੱਲੋਂ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ। ਪਰ ਇੱਕ ਬੁਲਾਰੇ ਨੇ ਆਖਿਆ ਕਿ ਹਰੇਕ ਫੈਸਿਲਿਟੀ ਦਾ ਆਪਣਾ ਮਹਾਂਮਾਰੀ ਸਬੰਧੀ ਪਲੈਨ ਹੈ।

...ਬਾਕੀ ਪੰਨਾ 3 'ਤੇ

# ਕਿਊਈਡਬਲਿਊ ਉੱਤੇ ਤਿੰਨ ਗੱਡੀਆਂ ਟਕਰਾਈਆਂ, ਟ੍ਰੈਫਿਕ ਵਿੱਚ ਪਿਆ ਵਿਘਨ



ਓਨਟਾਰੀਓ, 30 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਕਰੂਜ਼ਰ ਸਮੇਤ ਤਿੰਨ ਗੱਡੀਆਂ ਦਰਮਿਆਨ ਹੋਈ ਟੱਕਰ ਕਾਰਨ ਟਰੈਫਿਕ ਵਿੱਚ ਵਿਘਣ ਪੈ ਗਿਆ ਤੇ ਘਰ ਪਰਤ ਰਹੇ ਲੋਕਾਂ ਨੂੰ ਕਾਫੀ ਦਿੱਕਤ ਆਈ। ਇਸ ਹਾਦਸੇ ਕਾਰਨ ਓਕਵਿੱਲ ਵਿੱਚ ਬ੍ਰੌਂਟ ਰੋਡ ਨੇੜੇ ਕਿਊਈਡਬਲਿਊ ਉੱਤੇ ਪੱਛਮ ਵਾਲੀਆਂ ਕਈ ਲੇਨਜ਼ ਬਲਾਕ ਹੋ ਗਈਆਂ।

ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਇਹ ਸੱਭ ਵੀਰਵਾਰ ਦੁਪਹਿਰੇ 1:00 ਵਜੇ ਤੋਂ ਪਹਿਲਾਂ ਵਾਪਰਿਆ। ਸ਼ਮਿਡਟ ਨੇ ਦੱਸਿਆ ਕਿ ਕਰੂਜ਼ਰ ਸਾਹਮਣੇ ਜਾ ਰਹੀ ਇੱਕ ਹੋਰ ਗੱਡੀ, ਜਿਸ ਵਿੱਚ ਤਿੰਨ ਲੋਕ ਸਵਾਰ ਸਨ, ਦੇ ਪਿਛਲੇ ਹਿੱਸੇ ਨਾਲ ਟਕਰਾਈ ਤੇ ਫਿਰ ਉਹ ਗੱਡੀ ਇੱਕ ਤੀਜੀ ਕਾਰ ਨਾਲ ਟਕਰਾਈ। ਇਸ ਹਾਦਸੇ ਤੋਂ ਬਾਅਦ ਮਾਮੂਲੀ ਜ਼ਖ਼ਮੀ ਚਾਰ ਵਿਅਕਤੀਆਂ, ਜਿਨ੍ਹਾਂ ਵਿੱਚ ਇੱਕ ਪੁਲਿਸ ਅਧਿਕਾਰੀ ਵੀ ਸ਼ਾਮਲ ਸੀ, ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਉਨ੍ਹਾਂ ਆਖਿਆ ਕਿ ਹਾਲ ਦੀ ਘੜੀ ਇਹ ਆਖਣਾ ਜਲਦਬਾਜ਼ੀ ਹੋਵੇਗੀ ਕਿ ਇਸ ਮਾਮਲੇ ਵਿੱਚ ਓਪੀਪੀ ਅਧਿਕਾਰੀ ਨੂੰ ਚਾਰਜ ਕੀਤਾ ਜਾਵੇਗਾ ਪਰ ਜਾਂਚ ਜਾਰੀ ਰਹਿਣ ਉੱਤੇ ਇਹ ਸੰਭਾਵਨਾ ਹੋ ਸਕਦੀ ਹੈ।

NOW HIRING !!! ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
•Super Visa Insurance •Mortgage Insurance •Disability Insurance •Funeral Insurance
SIMRAN SAINI 416.994.7272
www.allkindinsurance.com

Locations Woodbridge Mississauga Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
ICCRC Raj Narang Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਐਮਪੀਜ਼ ਘਰੇ ਹੀ ਰਹਿਣ : ਬਲਾਂਸ਼ੇ

ਓਟਵਾ, 30 ਸਤੰਬਰ (ਪੋਸਟ ਬਿਊਰੋ) : ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੋਇਸ ਬਲਾਂਸ਼ੇ ਨੇ ਬੁੱਧਵਾਰ ਨੂੰ ਆਖਿਆ ਕਿ ਪਾਰਲੀਆਮੈਂਟ ਦਾ ਅਗਲਾ ਸੈਸ਼ਨ ਸਾਰੇ ਮੈਂਬਰਾਂ ਦੀ ਨਿਜੀ ਹਾਜ਼ਰੀ ਵਿੱਚ ਹੋਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਜਿਨ੍ਹਾਂ ਮੈਂਬਰਾਂ ਨੇ ਕੋਵਿਡ-19 ਸਬੰਧੀ ਪੂਰਾ ਟੀਕਾਕਰਣ ਨਹੀਂ ਕਰਵ-ਾਇਆ ਉਨ੍ਹਾਂ ਨੂੰ ਘਰ ਵਿੱਚ ਹੀ ਰਹਿਣਾ ਚਾਹੀਦਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਹ ਆਪਣੇ ਮੰਤਰੀ ਮੰਡਲ ਦਾ ਵਿਸਥਾਰ ਅਗਲੇ ਮਹੀਨੇ ਕਰਨਗੇ ਤੇ ਪਾਰਲੀਆਮੈਂਟ ਦੀ ਕਾਰਵਾਈ ਇਸ ਸਾਲ ਦੇ ਅੰਤ ਤੱਕ ਸ਼ੁਰੂ ਹੋਵੇਗੀ। ਮਾਰਚ 2020 ਤੋਂ ਮਹਾਂਮਾਰੀ ਦਾ ਪ੍ਰਕੋਪ ਵੱਧਣ ਨਾਲ ਹਾਊਸ ਆਫ ਕਾਮਨਜ਼ ਤੇ ਕਮੇਟੀਜ਼, ਓਟਵਾ ਤੋਂ ਕੁੱਝ ਐਮਪੀਜ਼ ਨਾਲ ਹੀ ਬੁੱਤਾ ਸਾਰ ਰਹੀਆਂ ਹਨ। ਕਈ ਥਾਂਵਾਂ ਉੱਤੇ ਕੰਮ ਵਰਚੂਅਲੀ ਹੀ ਚੱਲ ਰਿਹਾ ਹੈ।

ਬਲਾਂਸ਼ੇ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਪਾਰਲੀਆਮੈਂਟ ਦੀ ਕਾਰਵਾਈ ਜਲਦੀ ਸ਼ੁਰੂ ਹੋਵੇ ਤੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਐਮਪੀਜ਼ ਇਨ ਪਰਸਨ ਇਸ ਦੀ ਕਾਰਵਾਈ ਵਿੱਚ ਹਿੱਸਾ ਲੈਣ। ਉਨ੍ਹਾਂ ਆਖਿਆ ਕਿ ਹੁਣ ਤੱਕ ਤਾਂ ਸਾਰੇ ਐਮਪੀਜ਼ ਦੀ



ਵੈਕਸੀਨੇਸ਼ਨ ਹੋ ਜਾਣੀ ਚਾਹੀਦੀ ਸੀ ਕਿਉਂਕਿ ਇਹ ਵੱਡੀ ਮਾਤਰਾ ਵਿੱਚ ਉਪਲਬਧ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਦੀ ਪਾਰਟੀ, ਐਨਡੀਪੀ ਤੇ ਲਿਬਰਲਾਂ ਵੱਲੋਂ ਇਹ ਨਿਯਮ ਬਣਾਇਆ ਗਿਆ ਸੀ ਕਿ ਕੋਈ ਵੀ ਉਮੀਦਵਾਰ ਵੈਕਸੀਨੇਸ਼ਨ ਕਰਵਾਏ ਬਿਨਾਂ ਵੋਟਾਂ ਮੰਗਣ ਨਹੀਂ ਜਾਵੇਗਾ ਪਰ ਕੰਜ਼ਰਵੇਟਿਵਾਂ ਨੇ ਅਜਿਹਾ ਕੁੱਝ ਨਹੀਂ ਕੀਤਾ।

ਬਲਾਂਸ਼ੇ ਨੇ ਆਖਿਆ ਕਿ ਹੁਣ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਸਮੇਂ ਜਾਂ ਤਾਂ ਐਮਪੀਜ਼ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਜਾਂ ਫਿਰ ਘਰੇ ਹੀ ਰਹਿਣ। ਇਸ ਉੱਤੇ ਲਿਬਰਲਾਂ, ਐਨਡੀਪੀ ਤੇ ਕੰਜ਼ਰਵੇਟਿਵਜ਼ ਨੇ ਅਜੇ ਕੋਈ ਟਿੱਪਣੀ ਨਹੀਂ ਕੀਤੀ।

# ਓਨਟਾਰੀਓ ਵਿਚ ਬੱਚਿਆਂ ਲਈ ਮੂਲਵਾਸੀਆਂ ਬਾਰੇ ਸਿੱਖਿਆ ਕੀਤੀ ਜਾਵੇਗੀ ਲਾਜ਼ਮੀ

ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਕੈਨੇਡਾ ਦੇ ਨੈਸ਼ਨਲ ਡੇਅ ਫੌਰ ਟਰੁੱਥ ਐਂਡ ਰੀਕੌਂਸੀਲੀਏਸ਼ਨ ਤੋਂ ਇੱਕ ਦਿਨ ਪਹਿਲਾਂ ਓਨਟਾਰੀਓ ਸਰਕਾਰ ਨੇ ਸਕੂਲਾਂ ਦੇ ਪਾਠਕ੍ਰਮ ਵਿੱਚ ਕੁੱਝ ਅਹਿਮ ਤਬਦੀਲੀਆਂ ਕਰਨ ਦਾ ਐਲਾਨ ਕੀਤਾ। ਇਸ ਤਹਿਤ ਅਗਲੇ ਦੋ ਸਾਲਾਂ ਵਿੱਚ ਪਹਿਲੀ ਕਲਾਸ ਤੋਂ ਤੀਜੀ ਕਲਾਸ ਤੱਕ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਦੀ ਜਾਣ-ਪਛਾਣ ਦੇ ਨਾਲ ਨਾਲ ਮੂਲਵਾਸੀਆਂ ਬਾਰੇ ਵੀ ਸਿੱਖਿਆ ਦਿੱਤੀ ਜਾਵੇਗੀ। ਬੁੱਧਵਾਰ ਨੂੰ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਆਖਿਆ ਕਿ ਸਤੰਬਰ 2023 ਤੱਕ ਪਹਿਲੀਆਂ ਤਿੰਨ ਕਲਾਸਾਂ ਦੇ ਸੋਸ਼ਲ ਸਟੱਡੀਜ਼ ਦੇ ਪਾਠਕ੍ਰਮ ਵਿੱਚ ਫਰਸਟ ਨੇਸ਼ਨਜ਼ ਦੇ ਲੋਕਾਂ ਬਾਰੇ ਜਾਣਕਾਰੀ ਦੇਣ ਲਈ ਲੈਸਨਜ਼ ਸ਼ਾਮਲ ਕੀਤੇ ਜਾਣਗੇ। ਇਸ ਵਿੱਚ ਹੇਠ ਲਿਖੇ ਲੈਸਨਜ਼ ਸ਼ਾਮਲ ਕੀਤੇ ਜਾਣਗੇ :




- ਫਰਸਟ ਨੇਸ਼ਨਜ਼, ਮੈਟਿਸ ਤੇ ਇਨੁਇਟ ਕਮਿਊਨਿਟੀਜ਼ ਐਂਡ ਨੇਸ਼ਨਜ਼ ਵਿੱਚ ਪਰਿਵਾਰਾਂ ਤੇ ਸੁਲ੍ਹਾ ਦੀ ਭੂਮਿਕਾ
- ਫਰਸਟ ਨੇਸ਼ਨਜ਼, ਮੈਟਿਸ ਤੇ ਇਨੁਇਟ ਇਤਿਹਾਸਕ ਤੇ ਸਮਕਾਲੀ ਸੱਚਾਈਆਂ
- ਮੂਲਵਾਸੀ ਲੋਕਾਂ ਦੇ ਆਪਸੀ ਸਬੰਧ ਤੇ ਜ਼ਮੀਨ ਨਾਲ ਉਨ੍ਹਾਂ ਦਾ ਰਿਸ਼ਤਾ
- ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਤੇ ਪਛਾਣ, ਭਾਸ਼ਾ, ਸੱਭਿਆਚਾਰ ਤੇ ਕਮਿਊਨਿਟੀ ਕੁਨੈਕਸ਼ਨਜ਼ ਉੱਤੇ ਮੁੜ ਦਾਅਵੇਦਾਰੀ ਤੇ ਮੁੜਸੁਰਜੀਤੀਕਰਣ।

ਪ੍ਰੋਵਿੰਸ ਵੱਲੋਂ ਇਨੁਕਟਿਉਟ ਨੂੰ ਐਲੀਮੈਂਟਰੀ ਤੇ ਸੈਕੰਡਰੀ ਪੱਧਰਾਂ ਉੱਤੇ ਹਦਾਇਤਾਂ ਦੀ ਭਾਸ਼ਾ ਬਣਾਉਣ ਦੀ ਪੇਸ਼ਕਸ਼ ਵੀ ਕੀਤੀ ਜਾਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਹ ਤਬਦੀਲੀਆਂ ਟਰੁੱਥ ਐਂਡ ਰੀਕੌਂਸੀਲਿਏਸ਼ਨ ਕਮਿਸ਼ਨਜ਼ ਦੀ ਕਾਲ ਟੂ ਐਕਟ ਦੀ ਪ੍ਰਤੀਕਿਰਿਆ ਵਜੋਂ ਕੀਤੀਆਂ ਜਾ ਰਹੀਆਂ ਹਨ ।

## 18 ਤੋਂ 24 ਸਾਲ ਦੇ ਲੋਕਾਂ ਨੂੰ ਮੌਡਰਨਾ ਦੀ ਥਾਂ ਫਾਈਜ਼ਰ ਵੈਕਸੀਨ ਲਵਾਉਣ ਦੀ ਸਲਾਹ

ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਦੀ ਮੌਡਰਨਾ ਵੈਕਸੀਨ ਲੈਣ ਵਾਲੇ ਨੌਜਵਾਨਾਂ ਵਿੱਚ ਦਿਲ ਦੀ ਬਿਮਾਰੀ ਦੇ ਵਿਲੱਖਣ ਮਾਮਲਿਆਂ ਵਿੱਚ ਇਜਾਫਾ ਹੋਣ ਤੋਂ ਬਾਅਦ ਓਨਟਾਰੀਓ ਸਰਕਾਰ ਵੱਲੋਂ 18 ਤੋਂ 24 ਸਾਲ ਉਮਰ ਵਰਗ ਦੇ ਲੋਕਾਂ ਲਈ ਫਾਈਜ਼ਰ-ਬਾਇਓਐਨਟੈਕ ਦੇ ਟੀਕਿਆਂ ਦੀ ਸਿਫਾਰਿਸ਼ ਕੀਤੀ ਗਈ ਹੈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਇਸ ਉਮਰ ਵਰਗ ਦੇ ਪੁਰਸ਼ਾਂ ਵਿੱਚ ਖਾਸ ਤੌਰ ਉੱਤੇ ਮਾਇਓਕਾਰਡਿਟਿਸ ਤੇ ਪੈਰੀਕਾਰਡਿਟਿਸ ਦੇ ਮਾਮਲਿਆਂ ਵਿੱਚ ਵਾਧਾ ਪਾਏ ਜਾਣ ਤੋਂ ਬਾਅਦ ਹੀ ਅਜਿਹਾ ਆਖਿਆ ਜਾ ਰਿਹਾ ਹੈ। ਪ੍ਰੋਵਿੰਸ ਨੇ ਆਖਿਆ ਕਿ ਜੂਨ ਤੇ ਅਗਸਤ ਦਰਮਿਆਨ ਮੌਡਰਨਾ ਦੀ ਦੂਜੀ ਡੋਜ਼ ਲੈਣ ਵਾਲੇ 18 ਤੋਂ 24 ਸਾਲ ਦੇ ਪੁਰਸ਼ਾਂ ਵਿੱਚ ਮਾਇਓਕਾਰਡਿਟਿਸ ਤੇ ਪੈਰੀਕਾਰਡਿਟਿਸ ਦਾ ਖਤਰਾ 5,000 ਵਿੱਚੋਂ ਇੱਕ ਸੀ। ਜਿਨ੍ਹਾਂ ਨੇ ਫਾਈਜ਼ਰ-ਬਾਇਓਐਨਟੈਕ ਲਵਾਈ ਉਨ੍ਹਾਂ ਵਿੱਚ ਇਹ ਖਤਰਾ 28,000 ਵਿੱਚੋਂ ਇੱਕ ਨੂੰ ਸੀ। ਪ੍ਰੋਵਿੰਸ ਦਾ ਕਹਿਣਾ ਹੈ ਕਿ ਇਸ ਦੇ ਸਾਈਡ ਅਫੈਕਟ ਅਜੇ ਵੀ ਟਾਂਵੇ ਟੱਲੇ ਹਨ ਤੇ ਬਹੁਗਿਣਤੀ ਮਾਮਲਿਆਂ ਨੂੰ ਮਾਮੂਲੀ ਦੱਸਿਆ ਜਾ ਰਿਹਾ ਹੈ। ਇਹ ਸਿਫਾਰਿਸ਼ ਤਰਜੀਹੀ ਤੌਰ ਉੱਤੇ ਲੋਕਾਂ ਨੂੰ ਅਪਨਾਉਣ ਲਈ ਆਖਿਆ ਗਿਆ ਹੈ ਤੇ ਲੋਕ ਜੇ ਚਾਹੁਣ ਤਾਂ ਅਜੇ ਵੀ ਮੌਡਰਨਾ ਵੈਕਸੀਨ ਲਵਾ ਸਕਦੇ ਹਨ।

## ਖਾਣ ਵਿੱਚ ਫਸੇ ਸਾਰੇ ਮਾਈਨਰਜ਼ ਨੂੰ ਬਚਾਇਆ ਗਿਆ

ਓਨਟਾਰੀਓ, 30 ਸਤੰਬਰ (ਪੋਸਟ ਬਿਊਰੋ) : ਉੱਤਰੀ ਓਨਟਾਰੀਓ ਵਿੱਚ ਸਥਿਤ ਖਾਣ ਵਿੱਚ ਫਸੇ 39 ਮਾਈਨਰਜ਼ ਨੂੰ ਆਖਿਰਕਾਰ ਸਹੀ ਸਲਾਮਤ ਖਾਣ ਵਿੱਚੋਂ ਕੱਢ ਲਿਆ ਗਿਆ। ਇਹ ਜਾਣਕਾਰੀ ਬੁੱਧਵਾਰ ਨੂੰ ਖਾਣ ਦੀ ਮਾਲਕ ਕੰਪਨੀ ਨੇ ਦਿੱਤੀ।

ਵੇਲ ਨੇ ਆਖਿਆ ਕਿ ਸਡਬਰੀ, ਓਨਟਾਰੀਓ ਨੇੜੇ ਟੋਟਨ ਮਾਈਨ ਵਿੱਚ ਬਚਾਅ ਕਾਰਜ ਖਤਮ ਹੋ ਚੁੱਕਿਆ ਹੈ। ਵੇਲ ਦੇ ਸੀਈਓ ਐਡੂਰਡੋ ਬਾਰਟੋ ਲਮੀਓ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਅਸੀਂ ਆਪਣੀ ਰੈਸਕਿਊ ਟੀਮ ਨੂੰ ਵਧਾਈ ਦਿੰਦੇ ਹਾਂ।



ਐਤਵਾਰ ਨੂੰ ਜ਼ਮੀਨ ਦੇ ਹੇਠਾਂ ਭੇਜੀ ਗਈ ਸਕੂਪ ਬਕੇਟ ਦੇ ਡਿਟੈਚ ਹੋਣ ਤੋਂ ਬਾਅਦ ਮਾਈਨ ਸ਼ਾਫਟ ਬਲਾਕ ਹੋ ਗਈ। ਇਸ ਕਾਰਨ 39 ਮਾਈਨਰਜ਼ ਖਾਣ ਵਿੱਚ ਹੀ ਫਸ ਗਏ। ਕਈ ਮਾਈਨਰਜ਼ ਤਾਂ 1200 ਮੀਟਰ ਹੇਠਾਂ ਤੱਕ ਫਸੇ ਹੋਏ ਸਨ।

# ਮਿਸੀਸਾਗਾ ਵਿੱਚ ਪੋਲ ਨਾਲ ਟਕਰਾਇਆ ਟਰੱਕ, 2500 ਘਰਾਂ ਦੀ ਬਿਜਲੀ ਸਪਲਾਈ ਠੱਪ

ਮਿਸੀਸਾਗਾ, 30 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਹਾਈਡਰੋ ਪੋਲ ਨਾਲ ਟਰਾਂਸਪੋਰਟ ਟਰੱਕ ਦੇ ਟਕਰਾ ਜਾਣ ਕਾਰਨ ਕਿਊਈਡਬਲਿਊ ਨੂੰ ਬੰਦ ਕਰ ਦਿੱਤਾ ਗਿਆ ਤੇ 25,00 ਤੋਂ ਵੱਧ ਘਰਾਂ ਦੀ ਬਿਜਲੀ ਸਪਲਾਈ ਠੱਪ ਹੋ ਗਈ।

ਬੁੱਧਵਾਰ ਦੁਪਹਿਰੇ 4:00 ਵਜੇ ਤੋਂ ਪਹਿਲਾਂ ਸਾਊਥ ਸਰਵਿਸ ਰੋਡ ਤੇ ਹੇਗ ਬੋਲੀਵੀਆਰਡ ਉੱਤੇ ਅਮਲੇ ਨੂੰ ਸੱਦਿਆ ਗਿਆ। ਤਾਰਾਂ ਸੜਕ ਉੱਤੇ ਤੇ ਗੱਡੀਆਂ ਦੇ ਨੇੜੇ ਡਿੱਗੀਆਂ ਵੇਖੀਆਂ ਗਈਆਂ। ਕਵਾਰਥਾ ਰੋਡ ਤੇ ਡਿਕਸੀ ਰੋਡ ਦਰਮਿਆਨ ਕਿਊ ਈ ਡਬਲਿਊ ਨੂੰ ਹਾਈਵੇਅ ਉੱਤੇ ਤਾਰਾਂ ਕਾਰਨ ਕੋਈ ਨੁਕਸਾਨ ਹੋਣ ਦੇ ਡਰੋਂ ਬੰਦ ਕਰ ਦਿੱਤਾ ਗਿਆ। ਇਸ ਇਲਾਕੇ ਵਿੱਚ ਸਾਊਥ ਸਰਵਿਸ ਰੋਡ ਤੇ ਨੌਰਥ ਸਰਵਿਸ ਰੋਡ ਦੋਵੇਂ ਹੀ ਬੰਦ ਹਨ।

ਇੱਕ ਕਾਰ ਉੱਤੇ ਤਾਰਾਂ ਡਿੱਗ ਜਾਣ ਕਾਰਨ ਇੱਕ ਵਿਅਕਤੀ ਘੰਟੇ ਤੋਂ ਵੀ ਵੱਧ ਸਮੇਂ ਲਈ ਆਪਣੀ ਗੱਡੀ



ਵਿੱਚ ਹੀ ਫਸਿਆ ਰਿਹਾ। ਪਰ ਫਿਰ ਹੌਲੀ ਹੌਲੀ ਉਹ ਬਾਹਰ ਆ ਗਿਆ। ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਅਲੈਕਟ੍ਰਾ ਯੂਟਿਲਿਟੀਜ਼ ਨੇ ਸ਼ੁਰੂ ਵਿੱਚ ਦੱਸਿਆ ਸੀ ਕਿ ਇਸ ਹਾਦਸੇ ਕਾਰਨ 2,632 ਘਰਾਂ ਤੇ ਇਲਾਕੇ ਵਿੱਚ ਮੌਜੂਦ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਠੱਪ ਹੋ ਗਈ। 6:30 ਵਜੇ ਦੇ ਨੇੜੇ ਤੇੜੇ ਇਨ੍ਹਾਂ ਘਰਾਂ ਦੀ ਗਿਣਤੀ 1560 ਰਹਿ ਗਈ। ਰਾਤ ਦੇ 11:00 ਵਜੇ ਤੱਕ ਬਿਜਲੀ ਸਪਲਾਈ ਪੂਰਾ ਤਰ੍ਹਾਂ ਬਹਾਲ ਹੋਣ ਦੀ ਉਮੀਦ ਸੀ।

# ਓਨਟਾਰੀਓ ਦੇ ਜੋੜੇ ਦਾ ਕਤਲ ਕਰਨ ਵਾਲੇ ਮਸ਼ਕੂਕ ਦਾ ਪੁਲਿਸ ਨੇ ਜਾਰੀ ਕੀਤਾ ਵਾਰੰਟ

ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਇਸ ਮਹੀਨੇ ਦੇ ਸ਼ੁਰੂ ਵਿੱਚ ਲਾਪਤਾ ਹੋਏ ਓਨਟਾਰੀਓ ਦੇ ਜੋੜੇ ਦਾ ਕਥਿਤ ਤੌਰ ਉੱਤੇ ਕਤਲ ਕਰਨ ਵਾਲੇ ਵਿਅਕਤੀ ਦਾ ਪੁਲਿਸ ਵੱਲੋਂ ਕੈਨੇਡਾ ਭਰ ਵਿੱਚ ਵਾਰੰਟ ਕੱਢਿਆ ਗਿਆ ਹੈ।

ਟੋਰਾਂਟੋ ਦੇ ਫੁਓਂਗ ਟੈਨ ਨਗੁਏਨ ਦੇ ਨਾਂ ਦਾ ਵਾਰੰਟ ਜਾਰੀ ਕਰਦਿਆਂ ਪੁਲਿਸ ਨੇ ਆਖਿਆ ਕਿ ਇਹ ਸ਼ਖਸ ਹਥਿਆਰਬੰਦ ਤੇ ਖਤਰਨਾਕ ਹੋ ਸਕਦਾ ਹੈ। ਉਹ ਫਰਸਟ ਡਿਗਰੀ ਮਰਡਰ ਦੇ ਦੋ ਮਾਮਲਿਆਂ ਵਿੱਚ ਵਾਂਟਿਡ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮਾਰਖਮ, ਓਨਟਾਰੀਓ ਦੀ 25 ਸਾਲਾ ਕ੍ਰਿਸਟੀ ਨਗੁਏਨ ਤੇ 37 ਸਾਲਾ ਕੁਓਕ ਟਰੈਨ 18 ਸਤੰਬਰ ਤੋਂ ਲਾਪਤਾ ਸਨ। ਯੌਰਕ ਰੀਜਨਲ ਪੁਲਿਸ ਦੇ ਜਾਂਚਕਾਰਾਂ ਨੇ ਮੰਗਲਵਾਰ ਨੂੰ ਆਖਿਆ ਕਿ ਨਗੁਏਨ ਤੇ ਟਰੈਨ ਬਾਰੇ ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ



ਜਾਣ ਬੁੱਝ ਕੇ ਨਿਸ਼ਾਨਾ ਬਣਾਇਆ ਗਿਆ ਤੇ ਉਨ੍ਹਾਂ ਨੂੰ ਭੁਲੇਖੇ ਕੇ ਉਨ੍ਹਾਂ ਦਾ ਕਤਲ ਕੀਤਾ ਗਿਆ। ਪੁਲਿਸ ਦਾ ਇਹ ਵੀ ਮੰਨਣਾ ਹੈ ਕਿ ਇਸ ਜੋੜੇ ਦਾ ਕਤਲ 18 ਸਤੰਬਰ ਨੂੰ ਹੀ ਵਾਅਨ, ਓਨਟਾਰੀਓ ਸਥਿਤ ਕਮਰਸ਼ੀਅਲ ਪ੍ਰਾਪਰਟੀ, 111 ਜੈਨਵੈਅ ਬੋਲੀਵੀਆਰਡ ਉੱਤੇ ਹੋ ਗਿਆ ਸੀ। ਵਾਈ ਆਰ ਪੀ ਕਾਂਸਟੇਬਲ ਮਨੀਵਾ ਆਰਮਸਟਰਾਂਗ ਨੇ ਦੱਸਿਆ ਕਿ ਅਜਿਹੀ ਕੋਈ ਜਾਣਕਾਰੀ ਨਹੀਂ ਹੈ ਕਿ ਦੋਵਾਂ ਧਿਰਾਂ ਦਰਮਿਆਨ ਕੋਈ ਸਬੰਧ ਸੀ ਭਾਵੇਂ ਦੋਵਾਂ ਵਿੱਚੋਂ ਇੱਕ ਮ੍ਰਿਤਕ ਦਾ ਸਰਨੇਮ ਕਾਤਲ ਨਾਲ ਮੇਲ ਵੀ ਖਾਂਦਾ ਸੀ।

ਪੁਲਿਸ ਨੇ ਇਹ ਤਾਂ ਨਹੀਂ ਦੱਸਿਆ ਕਿ ਇਹ ਹਮਲਾ ਕਿਉਂ ਹੋਇਆ ਜਾਂ ਮ੍ਰਿਤਕਾਂ ਦਾ ਆਪਸ ਵਿੱਚ ਕੀ ਸਬੰਧੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉਹ ਦੋਵਾਂ ਦੀਆਂ ਲਾਸ਼ਾਂ ਰਿਕਵਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮਸ਼ਕੂਕ ਦੇ ਟੋਰਾਂਟੋ ਛੱਡ ਕੇ ਫਰਾਰ ਹੋ ਜਾਣ ਦਾ ਸ਼ੱਕ ਹੈ। ਇਸ ਮਾਮਲੇ ਵਿੱਚ ਲੋੜੀਂਦੇ ਵਾਹਨ ਦੀਆਂ ਵੀ ਪੁਲਿਸ ਵੱਲੋਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ।

# ਸਕੂਲ ਦੇ ਪਾਰਕਿੰਗ ਲੌਟ ਵਿੱਚ ਇੱਕ ਵਿਅਕਤੀ ਦਾ ਗੋਲੀ ਮਾਰ ਕੇ ਕੀਤਾ ਗਿਆ ਕਤਲ

ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਇੱਕ ਵਿਅਕਤੀ ਵੀਰਵਾਰ ਸਵੇਰੇ 11:00 ਵਜੇ ਗ੍ਰੀਕਟਾਊਨ ਸਕੂਲ ਦੀ ਪਾਰਕਿੰਗ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ।

ਪੁਲਿਸ ਨੂੰ ਸਟ੍ਰੈਥਮੋਰ ਬੋਲੀਵੀਆਰਡ ਤੇ ਡੌਨਲਡਜ਼ ਐਵਨਿਊ ਏਰੀਆ ਵਿੱਚ ਸਵੇਰੇ 11:00 ਵਜੇ ਗੋਲੀ ਚੱਲਣ ਦੀਆਂ ਖਬਰਾਂ ਦੇ ਕੇ ਸੱਦਿਆ ਗਿਆ। ਪੁਲਿਸ ਨੂੰ ਇਹ ਵੀ ਦੱਸਿਆ ਗਿਆ ਕਿ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਵੀ ਹੋਇਆ ਹੈ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਫਰਸਟ ਰਿਸਪਾਂਡਰਜ਼ ਵੱਲੋਂ ਉਸ ਵਿਅਕਤੀ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੂੰ ਘਟਨਾ ਵਾਲੀ ਥਾਂ ਤੋਂ ਹਥਿਆਰ ਵੀ ਮਿਲਿਆ। ਪੁਲਿਸ ਨੇ ਆਖਿਆ ਕਿ ਪਬਲਿਕ ਸੇਫਟੀ ਨੂੰ ਇਸ ਨਾਲ ਕੋਈ ਖਤਰਾ ਨਹੀਂ ਹੈ। ਇਸ ਇਲਾਕੇ ਵਿੱਚ ਮੌਜੂਦ ਕਈ ਸਕੂਲਾਂ ਨੂੰ ਹੋਲਡ ਐਂਡ ਸਕਿਓਰ ਦਾਇਰੇ ਵਿੱਚ ਰੱਖਿਆ ਗਿਆ। ਇਨ੍ਹਾਂ ਵਿੱਚ ਵਿਲਕਿਨਸਨ ਜੂਨੀਅਰ ਪਬਲਿਕ ਸਕੂਲ, ਗ੍ਰੀਨਵੁੱਡ ਸੈਕੰਡਰੀ ਸਕੂਲ ਤੇ ਡੈਨਫਰਥ ਕਾਲਜੀਏਟ ਐਂਡ ਟੈਕਨੀਕਲ ਇੰਸਟੀਚਿਊਟ ਸ਼ਾਮਲ ਹਨ। ਬਾਅਦ ਵਿੱਚ ਇਹ ਪਾਬੰਦੀਆਂ ਹਟਾ ਲਈਆਂ ਗਈਆਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਛੁਰੇਬਾਜ਼ੀ ਕਾਰਨ 20 ਸਾਲਾ ਵਿਅਕਤੀ ਦੀ ਹੋਈ ਮੌਤ




ਇਟੋਬੀਕੋ, 30 ਸਤੰਬਰ (ਪੋਸਟ ਬਿਊਰੋ) : ਇਟੋਬੀਕੋ ਵਿੱਚ ਰਾਤੀਂ ਵਾਪਰੀ ਘਟਨਾ ਵਿੱਚ ਇੱਕ 20 ਸਾਲਾ ਵਿਅਕਤੀ ਉੱਤੇ ਚਾਕੂ ਦੇ ਕਈ ਵਾਰ ਕਰਨ ਤੋਂ ਬਾਅਦ ਉਸ ਦੀ ਮੌਤ ਹੋ ਗਈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਇੰਸਪੈਕਟਰ ਇਸਮਾਈਲ ਮੂਸਾ ਨੇ ਦੱਸਿਆ ਕਿ ਬੁੱਧਵਾਰ ਨੂੰ ਰਾਤੀਂ 11.57 ਉੱਤੇ ਹੰਬਰ ਕਾਲਜ ਤੇ ਜੌਹਨ ਗਾਰਲੈਂਡ ਬੋਲੀਵੀਆਰਡਜ਼ ਉੱਤੇ ਵਾਪਰੀ ਛੁਰੇਬਾਜ਼ੀ ਦੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿ-ਲਿਆ। ਪੈਰਾਮੈਡਿਕਸ ਤੇ ਫਾਇਰਫਾਈਟਰਜ਼ ਨੇ ਉਸ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਸਫਲ ਨਹੀਂ ਹੋ ਸਕੇ।

ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਮੂਸਾ ਨੇ ਆਖਿਆ ਕਿ ਮਾਮਲੇ ਦੀ ਜਾਂਚ ਹੋਮੀਸਾਈਡ ਸਕੁਐਡ ਵੱਲੋਂ ਕੀਤੀ ਜਾ ਰਹੀ ਹੈ। ਮ੍ਰਿਤਕ ਦੀ ਪਛਾਣ ਅਜੇ ਨਹੀਂ ਹੋਈ ਹੈ।

# ਟੋਰਾਂਟੋ ਈਸਟ ਡਿਟੈਂਸ਼ਨ ਸੈਂਟਰ ਵਿੱਚ ਐਲਾਨੀ ਗਈ ਕੋਵਿਡ-19 ਆਊਟਬ੍ਰੇਕ

...ਪੰਨਾ 1 ਦਾ ਬਾਕੀ

ਪ੍ਰੋਵਿੰਸ਼ੀਅਲ ਡਾਟਾ ਦੇ ਹਿਸਾਬ ਨਾਲ ਇਸ ਕੋਰੈਕਸ਼ਨਲ ਫੇਸਿਲਿਟੀ ਨੇ 12 ਸਤੰਬਰ ਵਾਲੇ ਹਫਤੇ ਵਿੱਚ ਨਵੇਂ ਮਾਮਲੇ ਪਾਏ ਜਾਣ ਬਾਰੇ ਜਾਣਕਾਰੀ ਦਿੱਤੀ। ਉਸ ਸਮੇਂ ਇੱਥੇ ਚਾਰ ਇਨਫੈਕਸ਼ਨਜ਼ ਪਾਈਆਂ ਗਈਆਂ ਸਨ। ਪਿਛਲੇ ਹਫਤੇ ਇਨ੍ਹਾਂ ਮਾਮਲਿਆਂ ਵਿੱਚ ਵਾਧਾ ਹੋ ਗਿਆ। 17 ਮਾਮਲੇ ਪਾਏ ਜਾਣ ਤੋਂ ਬਾਅਦ ਇੱਥੇ ਆਊਟਬ੍ਰੇਕ ਐਲਾਨ ਦਿੱਤੀ ਗਈ ਹੈ। ਹੁਣ ਇੱਥੇ ਕੋਵਿਡ-19 ਦੇ 34 ਮਾਮਲੇ ਹੋ ਗਏ ਹਨ।















# ਏਅਰ ਕੈਨੇਡਾ ਨੇ ਭਾਰਤ ਲਈ ਵੈਨਕੂਵਰ, ਟੋਰਾਂਟੋ ਤੋਂ ਸਿੱਧੀਆਂ ਉਡਾਨਾਂ ਕੀਤੀਆਂ ਸ਼ੁਰੂ

ਵੈਨਕੂਵਰ, 30 ਸਤੰਬਰ (ਪੋਸਟ ਬਿਊਰੋ) : ਇੱਕ ਵਾਰੀ ਮੁੜ ਕੈਨੇਡੀਅਨ ਭਾਰਤ ਲਈ ਏਅਰ ਕੈਨੇਡਾ ਦੀਆਂ ਫਲਾਈਟਸ ਬੁੱਕ ਕਰ ਸਕਣਗੇ। ਸੋਮਵਾਰ ਤੋਂ ਕੈਨੇਡਾ ਤੋਂ ਦਿੱਲੀ ਤੇ ਦਿੱਲੀ ਤੋਂ ਕੈਨੇਡਾ ਲਈ ਨੌਨ ਸਟੌਪ ਉਡਾਨਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਪਿੱਛੇ ਜਿਹੇ ਸਰਕਾਰ ਨੇ ਭਾਰਤ ਲਈ ਏਅਰ ਟਰੈਵਲ ਉੱਤੇ ਲਾਈਆਂ ਗਈਆਂ ਪਾਬੰਦੀਆਂ ਹਟਾ ਦਿੱਤੀਆਂ ਸਨ।ਇਹ ਪਾਬੰਦੀਆਂ ਕੋਵਿਡ-19 ਮਹਾਂਮਾਰੀ ਕਾਰਨ ਲਾਈਆਂ ਗਈਆਂ ਸਨ।ਭਾਰਤ ਤੋਂ ਕੈਨੇਡਾ ਆਉਣ ਵਾਲੀਆਂ ਸਿੱਧੀਆਂ ਫਲਾਈਟਸ ਲਈ ਕੁੱਝ ਵਾਧੂ ਸੇਫਟੀ ਮਾਪਦੰਡ ਅਪਣਾਉਣ ਦੀ ਹਦਾਇਤ ਦਿੱਤੀ ਗਈ ਹੈ। ਇਹ ਮਾਪਦੰਡ ਹੇਠ ਲਿਖੇ ਅਨੁਸਾਰ ਹੋਣਗੇ :

- ਦਿੱਲੀ ਏਅਰਪੋਰਟ ਉੱਤੇ ਮੌਜੂਦ ਮੰਜ਼ੂਰਸ਼ੁਦਾ ਜੀਨਸਟ੍ਰਿੰਗਜ਼ ਲੈਬੋਰੇਟਰੀ ਤੋਂ ਕੋਵਿਡ 19 ਦੇ ਮੌਲੀਕਿਊਲਰ ਟੈਸਟ ਦੀ ਨੈਗੇਟਿਵ ਰਿਪੋਰਟ ਦਾ ਸਬੂਤ ਟਰੈਵਲਰਜ਼ ਨੂੰ ਪੇਸ਼ ਕਰਨਾ ਹੋਵੇਗਾ। ਇਹ ਟੈਸਟ ਟਰੈਵਲਰਜ਼ ਨੂੰ ਕੈਨੇਡਾ ਦੀ ਸਿੱਧੀ ਫਲਾਈਟ ਦੀ ਰਵਾਨਗੀ ਤੋਂ 18 ਘੰਟੇ ਦੇ ਅੰਦਰ ਅੰਦਰ ਮੁਹੱਈਆ ਕਰਵਾਉਣਾ ਹੋਵੇਗਾ।
- ਜਹਾਜ਼ ਚੜ੍ਹਨ ਤੋਂ ਪਹਿਲਾਂ ਏਅਰ ਆਪਰੇਟਰਜ਼ ਇਹ ਯਕੀਨੀ ਬਣਾਉਣਗੇ ਕਿ ਟਰੈਵਲਰਜ਼ ਦੇ



ਇਸ ਟੈਸਟ ਦੇ ਨਤੀਜੇ ਨੈਗੇਟਿਵ ਹੋਣ ਤੇ ਫਿਰ ਹੀ ਸਬੰਧਤ ਟਰੈਵਲਰ ਨੂੰ ਕੈਨੇਡਾ ਆਉਣ ਦੇ ਯੋਗ ਕਰਾਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵੈਕਸੀਨੇਸ਼ਨ ਪੂਰੀ ਕਰਵਾ ਚੁੱਕੇ ਟਰੈਵਲਰਜ਼ ਨੂੰ ਆਪਣੀ ਇਹ ਜਾਣਕਾਰੀ ਐਰਾਈਵਕੈਨ ਮੋਬਾਈਲ ਐਪ ਜਾਂ ਵੈੱਬਸਾਈਟ ਉੱਤੇ ਵੀ ਭਰਨੀ ਹੋਵੇਗੀ।

ਫੈਡਰਲ ਸਰਕਾਰ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਹ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਟਰੈਵਲਰਜ਼ ਨੂੰ ਕੈਨੇਡਾ ਲਈ ਜਹਾਜ਼ ਨਹੀਂ ਚੜ੍ਹਨ ਦਿੱਤਾ ਜਾਵੇਗਾ। ਕਿਸੇ ਕੁਨੈਕਟਿੰਗ ਫਲਾਈਟ ਰਾਹੀਂ ਭਾਰਤ ਤੋਂ ਕੈਨੇਡਾ ਆਉਣ ਵਾਲੇ ਟਰੈਵਲਰਜ਼ ਨੂੰ ਰਵਾਨਗੀ ਤੋਂ 72 ਘੰਟੇ ਪਹਿਲਾਂ ਕੋਵਿਡ-19 ਦੇ ਮੌਲੀਕਿਊਲਰ ਟੈਸਟ ਦੀ ਨੈਗੇਟਿਵ ਰਿਪੋਰਟ ਕੈਨੇਡਾ ਲਈ ਸਫਰ ਜਾਰੀ ਰੱਖਣ ਵਾਸਤੇ ਪੇਸ਼ ਕਰਨੀ ਹੋਵੇਗੀ।

ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕਾ ਨੇ 21 ਅਕਤੂਬਰ ਤੱਕ ਕੈਨੇਡੀਅਨ ਟਰੈਵਲ ਉੱਤੇ ਪਾਬੰਦੀਆਂ ਲਾਈਆਂ ਹੋਈਆਂ ਹਨ।ਕੈਨੇਡੀਅਨ ਸਰਕਾਰ ਅਜੇ ਵੀ ਆਪਣੇ ਨਾਗਰਿਕਾਂ ਨੂੰ ਗੈਰ ਜ਼ਰੂਰੀ ਇੰਟਰਨੈਸ਼ਨਲ ਸਫਰ ਕਰਨ ਤੋਂ ਵਰਜ ਰਹੀ ਹੈ।

## ਅਕਤੂਬਰ ਵਿਚ ਨਵੇਂ ਕੈਬਨਿਟ ਦਾ ਐਲਾਨ ਕਰਨਗੇ ਟਰੂਡੋ

ਓਟਵਾ, 30 ਸਤੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਆਪਣੇ ਨਵੇਂ ਮੰਤਰੀ ਮੰਡਲ ਦਾ ਐਲਾਨ ਅਕਤੂਬਰ ਵਿੱਚ ਕਰਨਗੇ ਉਨ੍ਹਾਂ ਆਖਿਆ ਕਿ ਇਸ ਸਾਲ ਦੇ ਅੰਤ ਤੋਂ ਪਹਿਲਾਂ ਉਹ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਕਰਵਾਉਣਗੇ। ਇਸ ਤੋਂ ਇਲਾਵਾ ਟਰੂਡੋ ਨੇ ਜਲਦ ਤੋਂ ਜਲਦ ਫੈਡਰਲ ਵੈਕਸੀਨ ਟੀਚਾ ਪੂਰਾ ਕਰਨ ਦਾ ਵਾਅਦਾ ਵੀ ਕੀਤਾ।



ਟਰੂਡੋ ਨੇ ਆਖਿਆ ਕਿ ਕੈਨੇਡੀਅਨਜ਼ ਨੇ ਇੱਕ ਵਾਰੀ ਫਿਰ ਲਿਬਰਲਾਂ ਵਿੱਚ ਭਰੋਸਾ ਪ੍ਰਗਟਾਇਆ ਹੈ ਜਿਸ ਦਾ ਉਹ ਸ਼ੁਕਰੀਆ ਅਦਾ ਕਰਦੇ ਹਨ।

20 ਸਤੰਬਰ ਨੂੰ ਹੋਈਆਂ ਚੋਣਾਂ ਤੋਂ ਬਾਅਦ ਆਪਣੀ ਪਹਿਲੀ ਮੁੱਖ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੰਗਲਵਾਰ ਨੂੰ ਟਰੂਡੋ ਨੇ ਗਵਰਨਰ ਜਨਰਲ ਮੈਰੀ ਮੇਅ ਸਾਇਮਨ ਕੋਲ ਅਗਲੀ ਸਰਕਾਰ ਬਣਾਉਣ ਦਾ ਇਰਾਦਾ ਪ੍ਰਗਟਾਉਣ ਦੀ ਪੁਸ਼ਟੀ ਵੀ ਕੀਤੀ।

ਟਰੂਡੋ ਨੇ ਕ੍ਰਿਸਟੀਆ ਫਰੀਲੈਂਡ ਨੂੰ ਇੱਕ ਵਾਰੀ ਫਿਰ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਵਜੋਂ ਕੰਮਕਾਜ ਜਾਰੀ ਰੱਖਣ ਦੀ ਪੇਸ਼ਕਸ਼ ਕੀਤੀ ਸੀ ਜਿਸ ਨੂੰ ਉਨ੍ਹਾਂ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਆਪਣੇ ਬਾਕੀ ਮੰਤਰੀਆਂ ਦੇ ਰੋਸਟਰ ਨੂੰ ਸਾਹ-ਮਣੇ ਲਿਆਉਣਗੇ। ਉਨ੍ਹਾਂ ਇਹ ਵੀ ਆਖਿਆ ਕਿ ਚੋਣਾਂ ਤੋਂ ਬਾਅਦ ਵੀ ਉਹ ਪਾਰਲੀਆਮੈਂਟ ਵਿੱਚ ਲਿੰਗਕ ਸੰਤੁਲਨ ਜਾਰੀ ਰੱਖਣਗੇ।

ਉਨ੍ਹਾਂ ਆਖਿਆ ਕਿ ਵਿਦੇਸ਼ ਦਾ ਦੌਰਾ ਕਰਨ ਦੇ ਚਾਹਵਾਨ ਪੂਰੀ ਤਰ੍ਹਾਂ ਵੈਕਸੀਨੇਟਿਡ ਕੈਨੇਡੀਅਨਜ਼ ਨੂੰ ਇੰਟਰਨੈਸ਼ਨਲ ਵੈਕਸੀਨ ਪਾਸਪੋਰਟ ਮੁਹੱਈਆ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਆਖਿਆ ਕਿ ਹੈਲਥ ਕੇਅਰ ਵਰਕਰਜ਼ ਨੂੰ ਤੰਗ ਪਰੇਸ਼ਾਨ ਕਰਨ ਵਾਲਿਆਂ ਉੱਤੇ ਮੁਜਰਮਾਨਾਂ ਪਾਬੰਦੀਆਂ ਲਾਏ ਜਾਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

## ਓਨਟਾਰੀਓ ਦੇ ਬਿਜ਼ਨਸਿਜ਼ ਨੂੰ ਵੈਕਸੀਨ ਸਰਟੀਫਿਕੇਟ ਲਈ ਕੋਈ ਰਿਆਇਤ ਨਹੀਂ ਦੇਵੇਗੀ ਫੋਰਡ ਸਰਕਾਰ

ਓਨਟਾਰੀਓ, 30 ਸਤੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਨਵਾਂ ਵੈਕਸੀਨ ਸਰਟੀਫਿਕੇਟ ਲਾਗੂ ਕਰਨ ਲਈ ਉਨ੍ਹਾਂ ਵੱਲੋਂ ਐਜੂਕੇਸ਼ਨ ਫਰਸਟ ਪਹੁੰਚ ਅਪਣਾਈ ਜਾ ਰਹੀ ਹੈ। ਇਸ ਵੈਕਸੀਨ ਸਰਟੀਫਿਕੇਟ ਲਈ ਕਿਸੇ ਨੂੰ ਕੋਈ ਰਿਆਇਤ ਨਹੀਂ ਦਿੱਤੀ ਜਾਵੇਗੀ ਤੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਬਿਜ਼ਨਸਿਜ਼ ਨੂੰ ਜੁਰਮਾਨੇ ਲਾਏ ਜਾਣਗੇ।



ਬੀਤੇ ਦਿਨੀਂ ਸਿਹਤ ਮੰਤਰਾਲੇ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਮਹਾਂਮਾਰੀ ਦੌਰਾਨ ਇਸ ਨਵੀਂ ਪਹੁੰਚ ਨੂੰ ਲਾਗੂ ਕਰਨ ਤੋਂ ਪਹਿਲਾਂ ਪ੍ਰੋਵਿੰਸ ਵੱਲੋਂ ਇਸ ਸਬੰਧ ਵਿੱਚ ਲੋਕਾਂ ਨੂੰ ਪਹਿਲਾਂ ਜਾਗਰੂਕ ਕਰਨ ਵਾਲੀ ਪਹੁੰਚ ਅਪਣਾਈ ਜਾ ਰਹੀ ਹੈ। ਰੀਓਪਨਿੰਗ ਓਨਟਾਰੀਓ ਐਕਟ ਦੀ ਉਲੰਘਣਾਂ ਕਰਨ ਵਾਲੇ ਬਿਜਨਸਿਜ਼ ਨੂੰ 1,000 ਡਾਲਰ ਜਾਂ 10,000 ਡਾਲਰ ਤੱਕ ਦਾ ਜੁਰਮਾਨਾ ਲੱਗ ਸਕਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਹਰ ਕਿਸੇ ਨੂੰ ਵੈਕਸੀਨੇਸ਼ਨ ਸਿਸਟਮ ਦੇ ਨਵੇਂ ਸਬੂਤ ਬਾਰੇ ਸਿੱਖਿਅਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

22 ਸਤੰਬਰ ਤੱਕ ਓਨਟਾਰੀਓ ਵਾਸੀਆਂ ਨੂੰ ਆਪਣੀ ਵੈਕਸੀਨੇਸ਼ਨ ਦੀ ਰਸੀਦ ਦਿਖਾਉਣੀ ਸੀ ਤੇ ਇਹ ਸਿੱਧ ਕਰਨਾ ਸੀ ਕਿ ਉਨ੍ਹਾਂ ਨੂੰ ਵੈਕਸੀਨ ਦੀਆਂ ਦੋਵੇਂ ਡੋਜ਼ਾਂ ਲੱਗ ਚੁੱਕੀਆਂ ਹਨ। ਇਸ ਨਾਲ ਉਨ੍ਹਾਂ ਨੂੰ ਰੈਸਟੋਰੈਂਟਸ, ਨਾਈਟਕਲੱਬਜ਼, ਜਿੰਮਜ਼ ਤੇ ਅਜਿਹੀਆਂ ਹੋਰਨਾਂ ਥਾਂਵਾਂ ਤੱਕ ਪਹੁੰਚ ਮਿਲਣੀ ਸੀ। 22 ਅਕਤੂਬਰ ਨੂੰ ਪ੍ਰੋਵਿੰਸ ਵੱਲੋਂ ਇੱਕ ਕਿਊਆਰ ਕੋਡ ਅਤੇ ਇਸ ਪ੍ਰਕਿਰਿਆ ਨੂੰ ਅਮਲੀ ਰੂਪ ਦੇਣ ਲਈ ਵੈਰੀਫਿਕੇਸ਼ਨ ਐਪ ਲਾਂਚ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

## ਪਿੱਕਰਿੰਗ ਵਿੱਚ ਚੱਲੀ ਗੋਲੀ, ਇੱਕ ਹਲਾਕ



ਪਿੱਕਰਿੰਗ, 30 ਸਤੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਪਿੱਕਰਿੰਗ ਵਿੱਚ ਟਾਊਨਹਾਊਸ ਕਾਂਪਲੈਕਸ ਵਿੱਚ ਰਾਤੀਂ ਹੋਈ ਸ਼ੂਟਿੰਗ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਕੀਤੀ ਜਾ ਰਹੀ ਹੈ।

ਸੋਮਵਾਰ ਰਾਤ 11:30 ਵਜੇ ਦੇ ਨੇੜੇ ਤੇੜੇ ਚਲਾਈਆਂ ਗਈਆਂ ਗੋਲੀਆਂ ਬਾਰੇ ਡਰੈਗਨਫਲਾਈ ਐਵਨਿਊ ਨੇੜੇ ਟੌਂਟਨ ਰੋਡ ਤੇ ਵ੍ਹਾਈਟਸ ਰੋਡ ਉੱਤੇ ਸਥਿਤ ਇੱਕ ਘਰ ਉੱਤੇ ਚਲਾਈਆਂ ਗਈਆਂ ਗੋਲੀਆਂ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਦਰਹਾਮ ਪੁਲਿਸ ਮੌਕੇ ਉੱਤੇ ਪਹੁੰਚੀ।

ਪੁਲਿਸ ਨੇ ਇੱਕ ਨੌਜਵਾਨ ਸਮੇਤ ਦੋ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲਿਆ ਹੈ ਪਰ ਉਨ੍ਹਾਂ ਉੱਤੇ ਕੋਈ ਚਾਰਜਿਜ਼ ਨਹੀਂ ਲਾਏ ਗਏ। ਪੁਲਿਸ ਨੇ ਦੱਸਿਆ ਕਿ ਹਾਲ ਦੀ ਘੜੀ ਕੋਈ ਹੋਰ ਵਿਅਕਤੀ ਸ਼ੱਕ ਦੇ ਘੇਰੇ ਵਿੱਚ ਨਹੀਂ ਹੈ।

## ਨਵੇਂ ਬਣੇ ਐਮਪੀਜ਼ ਨੇ ਓਰੀਐਂਟੇਸ਼ਨ ਪ੍ਰੋਗਰਾਮ ਵਿੱਚ ਲਿਆ ਹਿੱਸਾ



ਓਟਵਾ, 30 ਸਤੰਬਰ (ਪੋਸਟ ਬਿਊਰੋ) : ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਦੇ ਓਰੀਐਂਟੇਸ਼ਨ ਪ੍ਰੋਗਰਾਮ ਦੇ ਮੁੱਢਲੇ ਪੜਾਅ ਵਿੱਚ ਹਿੱਸਾ ਲੈਣ ਤੋਂ ਬਾਅਦ ਨਵੇਂ ਚੁਣੇ ਗਏ ਐਮਪੀਜ਼ ਨੂੰ ਇਸ ਗੱਲ ਦਾ ਅੰਦਾਜ਼ਾ ਹੋਇਆ ਕਿ ਉਨ੍ਹਾਂ ਦੀਆਂ ਭੂਮਿਕਾਵਾਂ ਕੀ ਹੋਣਗੀਆਂ। ਹਾਊਸ ਆਫ ਕਾਮਨਜ਼ ਲਈ ਚੁਣੇ ਗਏ 52 ਨਵੇਂ ਮੈਂਬਰਾਂ ਵਿੱਚੋਂ 10 ਸੋਮਵਾਰ ਨੂੰ ਜਾਣ-ਪਛਾਣ ਵਾਲੇ ਸੈਸ਼ਨ ਵਿੱਚ ਹਿੱਸਾ ਲੈਣ ਲਈ ਪਾਰਲੀਆਮੈਂਟ ਹਿੱਲ ਪਹੁੰਚੇ। ਇੱਥੇ ਉਨ੍ਹਾਂ ਨੇ ਆਪਣੇ ਜ਼ਰੂਰੀ ਕਾਗਜ਼ਾਤ ਭਰੇ, ਆਪਣੀਆਂ ਸਰਕਾਰੀ ਡਿਵਾਇਸਿਜ਼ ਕਾਇਮ ਕੀਤੀਆਂ ਤੇ ਇਹ ਸਮਝਿਆ ਕਿ ਉਨ੍ਹਾਂ ਦੇ ਕੰਮ ਕਾਜ ਦਾ ਕਿਹੜੀਆਂ ਗੱਲਾਂ ਹਿੱਸਾ ਰਹਿਣਗੀਆਂ। ਪਹਿਲੀ ਵਾਰੀ ਮਹਾਂਮਾਰੀ ਕਾਰਨ ਇਹ ਓਰੀਐਂਟੇਸ਼ਨ ਪ੍ਰੋਗਰਾਮ ਵਰਚੂਅਲੀ ਵੀ ਹੋਇਆ ਤੇ ਇਨ ਪਰਸਨ ਵੀ ਹੋਇਆ। ਹੁਣ ਤੱਕ ਰਜਿਸਟਰ ਕੀਤੇ 42 ਐਮਪੀਜ਼ ਵਿੱਚੋਂ ਸਿਰਫ ਛੇ ਨੇ ਇਸ ਪ੍ਰੋਗਰਾਮ ਵਿੱਚ ਆਨਲਾਈਨ ਹਿੱਸਾ ਲੈਣ ਦਾ ਫੈਸਲਾ ਕੀਤਾ। ਪਹਿਲੇ ਦਿਨ ਐਮਪੀਜ਼ ਨੇ ਵੈਸਟ ਬਲਾਕ ਦਾ ਦੌਰਾ ਕੀਤਾ ਤੇ ਹਾਊਸ ਆਫ ਕਾਮਨਜ਼ ਦਾ ਚੈਂਬਰ ਵੇਖਿਆ।ਓਰੀਐਂਟੇਸਨ ਦੇ ਦੂਜੇ ਦਿਨ ਇਨ੍ਹਾਂ ਐਮਪੀਜ਼ ਨੂੰ ਉਨ੍ਹਾਂ ਦੀਆਂ ਮੈਨੇਜੇਰੀਅਲ ਡਿਊਟੀਜ਼ ਦੱਸੀਆਂ ਜਾਣਗੀਆਂ। ਇਸ ਤੋਂ ਇਲਾਵਾ ਹਾਊਸ ਆਫ ਕਾਮਨਜ਼ ਵਿੱਚ ਕੰਮ ਵਾਲੀ ਥਾਂ ਉੱਤੇ ਤੰਗ ਪਰੇਸ਼ਾਨ ਕੀਤੇ ਜਾਣ ਤੇ ਹਿੰਸਾਂ ਦੀ ਰੋਕਥਾਮ ਬਾਰੇ ਟਰੇਨਿੰਗ ਸੈਸ਼ਨ ਵੀ ਕਰੇਗਾ।

## ਸੱਜਣ ਦੀ ਥਾਂ ਮਹਿਲਾ ਰੱਖਿਆ ਮੰਤਰੀ ਬਣਾਉਣ ਦੀ ਉੱਠੀ ਮੰਗ

ਓਟਵਾ, 30 ਸਤੰਬਰ (ਪੋਸਟ ਬਿਊਰੋ) : ਫੈਡਰਲ ਚੋਣਾਂ ਵਿੱਚ ਜਿੱਤ ਹਾਸਲ ਕਰਨ ਤੋਂ ਬਾਅਦ ਨਵਾਂ ਮੰਤਰੀ ਮੰਡਲ ਕਾਇਮ ਕਰਨ ਜਾ ਰਹੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕਈ ਮਾਹਿਰਾਂ ਵੱਲੋਂ ਇਸ ਵਾਰੀ ਰੱਖਿਆ ਮੰਤਰੀ ਕਿਸੇ ਮਹਿਲਾ ਨੂੰ ਬਣਾਉਣ ਦੀ ਗੁਜ਼ਾਰਿਸ਼ ਕੀਤੀ ਜਾ ਰਹੀ ਹੈ।ਜਦੋਂ ਗੱਲ ਕੈਨੇਡੀਅਨ ਆਰਮਡ ਫਰਸਿਜ਼ ਵਿੱਚ ਜਿਨਸੀ ਸ਼ੋਸ਼ਣ ਦੀ ਆਉਂਦੀ ਹੈ ਤਾਂ ਸੀਨੀਅਰ ਕਮਾਂਡਰਜ਼ ਵੱਲੋਂ ਆਪ ਇਹ ਗੱਲ ਮੰਨੀ ਗਈ ਹੈ ਕਿ ਹਰਜੀਤ ਸੱਜਣ ਇਸ ਮੁੱਦੇ ਨੂੰ ਸੁਲਝਾਉਣ ਵਿੱਚ ਅਸਫਲ ਰਹੇ ਹਨ ਤੇ ਇਸ ਸੰਦਰਭ ਕਾਰਨ ਉਹ ਆਪਣੀ ਭਰੋਸੇਯੋਗਤਾ ਗੁਆ ਬੈਠੇ ਹਨ। ਹੈਲੀਫੈਕਸ ਵਿੱਚ ਮਾਊਂਟ ਸੇਂਟ ਵਿੰਸੈਂਟ ਯੂਨੀਵਰਸਿਟੀ ਵਿਖੇ ਸੈਂਟਰ ਫੌਰ ਸੋਸ਼ਲ ਇਨੋਵੇਸ਼ਨ ਐਂਡ ਕਮਿਊਨਿਟੀ ਐਂਗੇਜਮੈਂਟ ਦੀ ਹੈੱਡ ਮਾਇਆ ਏਕਲਰ ਨੇ ਆਖਿਆ ਕਿ 2015 ਤੋਂ ਇਸ ਅਹੁਦੇ ਉੱਤੇ ਕਾਇਮ ਸੱਜਣ ਮੁੜ ਇਸ ਅਹੁਦੇ ਉੱਤੇ ਬਰਕਰਾਰ ਰਹਿਣਗੇ ਇਸ ਦਾ ਕਿਆਸ ਵੀ ਨਹੀਂ ਲਾਇਆ ਜਾ ਸਕਦਾ।



ਉਨ੍ਹਾਂ ਆਖਿਆ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਇਸ ਗੱਲ ਤੋਂ ਉੱਕਾ ਹੀ ਅਨਜਾਣ ਹੈ ਕਿ ਇਸ ਮਾਮਲੇ ਬਾਰੇ ਲੋਕ ਕੀ ਸੋਚਦੇ ਹਨ ਤੇ ਇਸ ਲਈ ਕਿਸ ਤਰ੍ਹਾਂ ਦਾ ਸਖ਼ਤ ਐਕਸ਼ਨ ਲਏ ਜਾਣ ਦੀ ਲੋੜ ਹੈ।ਹਾਲਾਂਕਿ ਏਕਲਰ ਦਾ ਮੰਨਣਾ ਹੈ ਕਿ ਇਹ ਸਮਾਂ ਕਿਸੇ ਮਹਿਲਾ ਨੂੰ ਰੱਖਿਆ ਮੰਤਰੀ ਬਣਾਏ ਜਾਣ ਦਾ ਹੈ। ਉਨ੍ਹਾਂ ਨੇ ਤੇ ਹੋਰਨਾਂ ਨੇ ਇਹ ਸਵੀਕਾਰ ਕੀਤਾ ਹੈ ਕਿ ਇਸ ਅਹੁਦੇ ਲਈ ਸਹੀ ਸ਼ਖਸ ਦਾ ਚੁਣਿਆ ਜਾਣਾ ਬੇਹੱਦ ਜ਼ਰੂਰੀ ਹੈ।

ਇਸ ਤੋਂ ਪਹਿਲਾਂ 1993 ਵਿੱਚ ਕੈਨੇਡਾ ਦੀ ਪਹਿਲੀ ਰੱਖਿਆ ਮੰਤਰੀ ਕਿੰਮ ਕੈਂਪਬੈਲ ਬਣੀ ਸੀ ਤੇ ਉਹ ਇਸ ਅਹੁਦੇ ਉੱਤੇ ਸਿਰਫ ਛੇ ਮਹੀਨਿਆਂ ਲਈ ਰਹੀ ਸੀ। ਫਿਰ ਉਹ ਪੰਜ ਮਹੀਨਿਆਂ ਲਈ ਕੈਨੇਡਾ ਦੀ ਪਹਿਲੀ ਤੇ ਇੱਕਮਾਤਰ ਮਹਿਲਾ ਪ੍ਰਧਾਨ ਮੰਤਰੀ ਬਣੀ ਸੀ।

## ਗ੍ਰੀਨ ਪਾਰਟੀ ਦੀ ਆਗੂ ਵਜੋਂ ਅਨੇਮੀ ਪਾਲ ਨੇ ਦਿੱਤਾ ਅਸਤੀਫਾ

ਓਟਵਾ, 30 ਸਤੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਅਨੇਮੀ ਪਾਲ ਵੱਲੋਂ ਗ੍ਰੀਨ ਪਾਰਟੀ ਆਗੂ ਵਜੋਂ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ ਜਾ ਰਿਹਾ ਹੈ। ਪਿੱਛੇ ਜਿਹੇ ਹੋਈਆਂ ਫੈਡਰਲ ਚੋਣਾਂ ਵਿੱਚ ਹਾਰਨ ਤੋਂ ਬਾਅਦ ਅਨੇਮੀ ਨੇ ਇਹ ਫੈਸਲਾ ਕੀਤਾ ਹੈ।

ਟੋਰਾਂਟੋ ਸੈਂਟਰ ਹਲਕੇ ਤੋਂ ਆਪਣੀ ਹੀ ਸੀਟ ਜਿੱਤਣ ਵਿੱਚ ਅਸਫਲ ਹੋਣ ਤੋਂ ਬਾਅਦ ਅਨੇਮੀ ਪਾਲ ਵੱਲੋਂ ਇਹ ਫੈਸਲਾ ਲਿਆ ਗਿਆ ਹੈ। ਇਨ੍ਹਾਂ ਚੋਣਾਂ ਵਿੱਚ ਗ੍ਰੀਨ ਪਾਰਟੀ ਦੇ ਹਿੱਸੇ ਦੋ ਹੀ ਸੀਟਾਂ ਆਈਆਂ। ਸ਼ਾਨਿਚ-ਗਲਫ ਆਈਲੈਂਡਜ਼ ਐਮਪੀ ਐਲਿਜ਼ਾਬੈੱਥ ਮੇਅ, ਜਿਸ ਨੇ ਪਾਰਟੀ ਦੀ ਆਗੂ ਵਜੋਂ 2006 ਤੋਂ 2019 ਤੱਕ ਕੰਮ ਕੀਤਾ, 20 ਸਤੰਬਰ ਨੂੰ ਮੁੜ ਚੁਣੀ ਗਈ। ਕਿਚਨਰ ਸੈਂਟਰ ਤੋਂ ਪਾਰਟੀ ਵਿੱਚ ਆਏ ਨਵੇਂ ਚਿਹਰੇ ਮਾਈਕ



ਮੌਰਿਸ ਨੂੰ ਵੀ ਜਿੱਤ ਹਾਸਲ ਹੋਈ। ਅਨੇਮੀ ਪਾਲ ਨਨੇਮੋ-ਲੇਡੀਸਮਿੱਥ ਹਲਕੇ ਤੋਂ ਹਾਰੀ।

ਪਾਲ ਨੂੰ ਜਦੋਂ ਈਮੇਲ ਰਾਹੀਂ ਐਤਵਾਰ ਨੂੰ ਲੀਡਰਸ਼ਿਪ ਮੁਲਾਂਕਣ ਬਾਰੇ ਜਾਣਕਾਰੀ ਦਿੱਤੀ ਗਈ ਤਾਂ ਉਨ੍ਹਾਂ ਐਲਾਨ ਕੀਤਾ ਕਿ ਚੋਣਾਂ ਤੋਂ ਬਾਅਦ ਪਾਰਟੀ ਦੀ ਅਗਵਾਈ ਕਰਨ ਦਾ ਉਨ੍ਹਾਂ ਕੋਲ ਕੋਈ ਮੌਕਾ ਨਹੀਂ ਹੋਵ-ੇਗਾ। ਅਸਤੀਫਾ ਦੇਣ ਸਬੰਧੀ ਪਾਲ ਨੇ ਆਖਿਆ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਸੱਭ ਤੋਂ ਮਾੜਾ ਸਮਾਂ ਹੈ। ਪਾਲ ਨੇ ਆਖਿਆ ਕਿ ਉਨ੍ਹਾਂ ਨੇ ਜੋ ਕੁੱਝ ਵੀ ਕੀਤਾ ਹੈ ਉਸ ਦਾ ਉਨ੍ਹਾਂ ਨੂੰ ਕੋਈ ਪਛਤਾਵਾ ਨਹੀਂ ਹੈ।

ਪਾਲ ਨੇ ਇਹ ਵੀ ਆਖਿਆ ਕਿ ਜਦੋਂ ਤੁਸੀਂ ਚੋਣਾਂ ਵਿੱਚ ਕੈਂਪੇਨ ਚਲਾਉਣ ਲਈ ਫੰਡਾਂ ਤੋਂ ਬਿਨਾਂ, ਤੁਹਾਡੀ ਕੈਂਪੇਨ ਲਈ ਸਟਾਫ ਤੋਂ ਬਿਨਾਂ, ਨੈਸ਼ਨਲ ਕੈਂਪੇਨ ਮੈਨੇਜਰ ਤੋਂ ਬਿਨਾਂ, ਤੁਹਾਡੀ ਹੀ ਪਾਰਟੀ ਵੱਲੋਂ ਤੁਹਾਡੇ ਉੱਤੇ ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਨਾਲ ਚੋਣ ਲੜਨ ਲਈ ਮੈਦਾਨ ਵਿੱਚ ਉਤਰਦੇ ਹੋ ਤਾਂ ਲੋਕਾਂ ਨੂੰ ਆਪਣੀ ਹੀ ਪਾਰਟੀ ਲਈ ਵੋਟ ਕਰਨ ਲਈ ਮਨਾਉਣ ਵਾਸਤੇ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ।

ਪਾਲ ਨੇ ਗ੍ਰੀਨ ਪਾਰਟੀ ਦੀ ਆਗੂ ਵਜੋਂ ਪਿਛਲੇ ਸਾਲ ਅਕਤੂਬਰ ਵਿੱਚ ਵਾਗਡੋਰ ਸਾਂਭੀ ਸੀ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਉਸ ਦੀ ਥਾਂ ਕੌਣ ਲਵੇਗਾ।

# ਨਵੀਂ ਰਿਪੋਰਟ ਮੁਤਾਬਕ ਹੁਣ ਕੈਨੇਡਾ ਵਿੱਚ ਹੋਏ 53 ਬਿਲੀਅਨੇਅਰਜ਼

ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : 2020 ਵਿੱਚ ਕੈਨੇਡਾ ਵਿੱਚ ਸੱਤ ਬਿਲੀਅਨੇਅਰ ਹੋਰ ਬਣੇ। ਇਸ ਨਾਲ ਹੁਣ ਕੈਨੇਡਾ ਵਿੱਚ ਬਿਲੀਅਨੇਅਰਜ਼ ਦੀ ਗਿਣਤੀ 53 ਹੋ ਗਈ ਹੈ। ਨਵੀਂ ਗਲੋਬਲ ਰਿਪੋਰਟ ਅਨੁਸਾਰ ਪਿਛਲੇ ਸਾਲ ਨਾਲੋਂ ਇਨ੍ਹਾਂ ਬਿਲੀਅਨੇਅਰਜ਼ ਦੀ ਗਿਣਤੀ 14 ਵੱਧ ਹੋ ਗਈ ਹੈ।

ਕੈਨੇਡੀਅਨ ਬਿਲੀਅਨੇਅਰਜ਼ ਦਾ ਸਾਂਝਾ ਸਰਮਾਇਆ 100 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਿੱਚ 4·5 ਫੀ ਸਦੀ ਵਾਧਾ ਹੋਇਆ ਹੈ। ਆਪਣੇ ਤਾਜ਼ਾ ਬਿਲੀਅਨੇਅਰ ਸੈਂਸਸ ਵਿੱਚ ਵੈਲਥ-10, ਜੋ ਕਿ ਅਲਟਰਾ ਹਾਈ ਨੈੱਟ ਵਰਥ ਕੰਪਨੀ (ਯੂਐਚਐਨਡਬਲਿਊ) ਹੈ, ਨੇ ਆਖਿਆ ਕਿ ਦੁਨੀਆਂ ਭਰ ਵਿੱਚ ਬਿਲੀਅਨੇਅਰਜ਼ ਦੀ ਗਿਣਤੀ 3,000 ਦਾ ਅੰਕੜਾ ਟੱਪ ਗਈ ਹੈ। ਅਜਿਹਾ 2020 ਵਿੱਚ ਪਹਿਲੀ ਵਾਰੀ ਹੋਇਆ ਜਦੋਂ 670 ਵਿਅਕਤੀ ਬਿਲੀਅਨੇਅਰ ਕਲਾਸ ਵਿੱਚ ਦਾਖਲ ਹੋ ਗਏ।ਇਸ ਗਰੁੱਪ ਦਾ ਸਾਂਝਾ ਵੈਲਥ 10 ਟ੍ਰਿਲੀਅਨ ਅਮਰੀਕੀ ਡਾਲਰ ਹੈ।

ਦੁਨੀਆ ਦੇ 15 ਉੱਘੇ ਬਿਲੀਅਨੇਅਰਜ਼ ਵਿੱਚੋਂ ਸੱਤ ਟੈਕਨਾਲੋਜੀ ਖੇਤਰ ਨਾਲ ਜੁੜੇ ਹੋਏ ਹਨ। ਟੌਪ ਪੰਜ ਬਿਲੀਅਨੇਅਰਜ਼ ਦੇ ਨਾਂ ਹੇਠ ਲਿਖੇ ਅਨੁਸਾਰ ਹਨ :

1) ਜੈੱਫ ਬੀਜੋਜ਼, ਐਮੇਜ਼ੌਨ, 201·2 ਬਿਲੀਅਨ ਅਮਰੀਕੀ ਡਾਲਰ
2) ਐਲਨ ਮਸਕ, ਟੈਸਲਾ, 181·1 ਬਿਲੀਅਨ ਅਮਰੀਕੀ ਡਾਲਰ
3) ਬਰਨਾਰਡ ਆਰਨੌਲਟ, ਮੋਏ ਹੈਨੇਸੀ ਲੂਈ ਵਿਟੌਂ, 154·4 ਬਿਲੀਅਨ ਅਮਰੀਕੀ ਡਾਲਰ
4) ਬਿੱਲ ਗੇਟਸ, ਬਿੱਲ ਐਂਡ ਮੈਲਿੰਡਾ ਗੇਟਸ ਫਾਊਂਡੇਸ਼ਨ, 142·4 ਬਿਲੀਅਨ ਅਮਰੀਕੀ ਡਾਲਰ



5) ਮਾਰਕ ਜ਼ੁਕਰਬਰਗ, ਫੇਸਬੁੱਕ, 137·4 ਬਿਲੀਅਨ ਅਮਰੀਕੀ ਡਾਲਰ

ਦੁਨੀਆ ਦੇ ਬਿਲੀਅਨੇਅਰ ਦੀ ਆਬਾਦੀ ਤੇ ਉਨ੍ਹਾਂ ਦੇ ਇੱਕਠੇ ਸਰਮਾਏ ਦੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ।

1. U.S., 927, US$3.709 trillion
2. China, 410, US$1.303 trillion
3. Germany, 174, US$515 billion
4. Russia, 120, US$397 billion
5. U.K., 119, US$225 billion
6. Hong Kong, 111, US$282 billion
7. Switzerland, 107, US$318 billion
8. India, 104, US$316 billion
9. Saudia Arabia, 64, US$144 billion
10. France, 64, US$238 billion
11. Italy, 60, US$169 billion
12. Brazil, 53, US$151 billion
13. Canada 53, US$100 billion
14. United Arab Emirates, 50, US$151 billion
15. Singapore, 50, US$86 billion

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਹੁਆਵੇ ਦੀ ਐਗਜ਼ੈਕਟਿਵ ਖਿਲਾਫ ਮੁਜਰਮਾਨਾ ਮਾਮਲੇ ਸੁਲਝਾਉਣ ਦਾ ਅਮਰੀਕਾ ਦੇ ਜਸਟਿਸ ਅਧਿਕਾਰੀਆਂ ਨੇ ਦਿੱਤਾ ਸੰਕੇਤ

ਓਟਵਾ, 30 ਸਤੰਬਰ (ਪੋਸਟ ਬਿਊਰੋ) : ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਦੇ ਅਧਿਕਾਰੀਆਂ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਉਹ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਖਿਲਾਫ ਮੁਜਰਮਾਨਾ ਚਾਰਜਿਜ਼ ਹੱਲ ਕਰਨ ਲਈ ਤਿਆਰ ਹਨ। ਇਸ ਮਸਲੇ ਨੂੰ ਹੱਲ ਕਰਨ ਲਈ ਦੋਵਾਂ ਧਿਰਾਂ ਦੇ ਨੁਮਾਇੰਦੇ ਜਲਦ ਹੀ ਨਿਊ ਯੌਰਕ ਕੋਰਟ ਵਿੱਚ ਪੇਸ਼ ਹੋਣਗੇ।

ਯੂਨਾਈਟਿਡ ਸਟੇਟਸ ਡਿਸਟ੍ਰਿਕਟ ਕਰਟ ਈਸਟਰਨ ਡਿਸਟ੍ਰਿਕਟ ਆਫ ਨਿਊ ਯੌਰਕ ਨੂੰ ਹਾਸਲ ਹੋਏ ਇੱਕ ਪੱਤਰ ਵਿੱਚ ਆਖਿਆ ਗਿਆ ਹੈ ਕਿ ਵਾਨਜ਼ੋਊ ਉੱਤੇ ਲੱਗੇ ਚਾਰਜਿਜ਼ ਨੂੰ ਹੱਲ ਕਰਨ



ਲਈ ਯੂਐਸ ਡਿਪਾਰਟਮੈਂਟ ਆਫ ਜਸਟਿਸ ਅਦਾਲਤ ਵਿੱਚ ਪੇਸ਼ ਹੋਵ-ੇਗਾ। ਇਸ ਨਾਲ ਤਿੰਨ ਸਾਲਾਂ ਤੋਂ ਚੱਲੇ ਆ ਰਹੇ ਕਾਨੂੰਨੀ ਤੇ ਡਿਪਲੋਮੈਟਿਕ ਮਸਲੇ ਦਾ ਵੀ ਭੋਗ ਪਵੇਗਾ। ਇਹ ਵੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ 1:00 ਵਜੇ ਜਦੋਂ ਇਸ ਮਸਲੇ ਨੂੰ ਅਦਾਲਤ ਵਿੱਚ ਵਰਚੂਅਲੀ ਲਿਆਂਦਾ ਜਾਵੇਗਾ ਤਾਂ ਮੈਂਗ ਆਪਣੀ ਥੋੜ੍ਹੀ ਬਹੁਤ ਗਲਤੀ ਮੰਨ ਸਕਦੀ ਹੈ ਤੇ ਉਸ ਨੂੰ ਥੋੜ੍ਹਾ ਜੁਰਮਾਨਾ ਭਰਨ ਲਈ ਆਖਿਆ ਜਾ ਸਕਦਾ ਹੈ।

ਬੀਸੀ ਸੁਪਰੀਮ ਕੋਰਟ ਵਿੱਚ ਦੂਜੀ ਪੇਸ਼ੀ ਦੀ ਵੀ ਸੰਭਾਵਨਾ ਹੈ ਪਰ ਇਹ ਨਿਊ ਯੌਰਕ ਵਾਲੇ ਨਤੀਜੇ ਆਉਣ ਤੋਂ ਬਾਅਦ ਹੀ ਤੈਅ ਹੋ ਸਕੇਗਾ। ਜੇ ਅਮੈਰੀਕਨਜ਼ ਨਾਲ ਡੀਲ ਸਿਰੇ ਚੜ੍ਹਦੀ ਹੈ ਤਾਂ ਮੈਂਗ ਦੀ ਹਵਾਲਗੀ ਸਬੰਧੀ ਕਾਰਵਾਈ ਉੱਤੇ ਸਟੇਅ ਲਾਈ ਜਾ ਸਕਦੀ ਹੈ।ਇਸ ਤੋਂ ਬਾਅਦ ਚੀਨ ਦੀ ਟੈਲੀਕਾਮ ਜਾਇੰਟ ਦੀ ਸੀਐਫਓ ਨੂੰ ਕੈਨੇਡਾ ਛੱਡਣ ਦੀ ਵੀ ਖੁੱਲ੍ਹ ਮਿਲ ਸਕਦੀ ਹੈ।

## ਅੱਜ ਨਾਮਾ

ਕੇਜਰੀਵਾਲ ਨੂੰ ਆਉਂਦਿਆਂ ਜਦੋਂ ਡਿੱਠਾ,
ਚੜ੍ਹਿਆ ਬਾਦਲ ਸੁਖਬੀਰ ਨੂੰ ਰੋਹ ਬੇਲੀ।
ਜਦੋਂ ਵੀ ਆਵੇ, ਗਾਰੰਟੀ ਦਾ ਪਾਏ ਰੌਲਾ,
ਲੈਂਦਾ ਨਵਾਂ ਜਿਹਾ ਰਾਗ ਉਹ ਛੋਹ ਬੇਲੀ।
ਮੁੜ-ਮੁੜ ਛੱਡ ਕੇ ਮੀਡੀਏ ਵਿੱਚ ਸ਼ੋਸ਼ਾ,
ਚਾਹੁੰਦਾ ਲੈਣੀ ਉਹ ਲੋਕਾਂ ਦੀ ਟੋਹ ਬੇਲੀ।
ਸਥਾਨਕ ਆਗੂ ਹਨ ਬਹੁਤ ਪੰਜਾਬ ਅੰਦਰ,
ਆਉਂਦਾ ਦਿੱਲੀ ਤੋਂ ਪਾਉਣ ਨੂੰ ਮੋਹ ਬੇਲੀ।
ਓਧਰ ਭੜਕ ਕੇ ਬੋਲਣ ਪਏ ਕਾਂਗਰਸੀਏ,
ਕੇਜਰੀਵਾਲ ਨੂੰ ਏਥੋਂ ਦੀ ਸਮਝ ਹੈ ਨਹੀਂ।
ਜਿਹੜੀ ਰਮਜ਼ ਨਾਲ ਲੈਂਦੇ ਹਾਂ ਹੂੰਝ ਵੋਟਾਂ,
ਪੱਲੇ ਓਸ ਦੇ ਓਹੋ ਜਿਹੀ ਰਮਜ਼ ਹੈ ਨਹੀਂ।

**ਤੀਸ ਮਾਰ ਖਾਂ**

# ਅਮਰਿੰਦਰ ਵੱਲੋਂ ਅਮਿਤ ਸ਼ਾਹ ਦੇ ਬਾਅਦ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਵੀ ਮੁਲਾਕਾਤ

### * ਸਿੱਧੂ ਨੂੰ ਮੈਂ ਕਦੇ ਵੀ ਜਿੱਤਣ ਨਹੀਂ ਦੇਵਾਂਗਾ: ਕੈਪਟਨ * ਮੈਂ ਤਾਂ ਕਾਂਗਰਸ ਕਦੇ ਨਹੀਂ ਛੱਡਾਂਗੀ : ਪਰਨੀਤ ਕੌਰ

ਚੰਡੀਗੜ੍ਹ, 30 ਸਤੰਬਰ, (ਪੋਸਟ ਬਿਊਰੋ)-ਕਾਂਗਰਸ ਪਾਰਟੀ ਵੱਲੋਂ ਆਪਣੀ ਬੇਇੱਜ਼ਤੀ ਕੀਤੀ ਹੋਣ ਦਾ ਦਾਅਵਾ ਕਰ ਕੇ ਕੁਝ ਦਿਨ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਕੈਪਟਨ ਅਮਰਿੰਦਰ ਸਿੰਘ ਨੇ ਬੁੱਧਵਾਰ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਪਿੱਛੋਂ ਅੱਜ ਵੀਰਵਾਰ ਨੂੰ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਮੁਲਾਕਾਤ ਕੀਤੀ ਤਾਂ ਇਸ ਨਾਲ ਸਿਆਸੀ ਅਟਕਲਾਂ ਹੋਰ ਤੇਜ਼ ਹੋ ਗਈਆਂ ਹਨ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬਵਿਚਲੀ ਸਿਆਸੀ ਖਿਚ-ਧੂਹ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਬੱਧਵਾਰ ਨੂੰ ਭਾਜਪਾ ਦੇ ਸੀਨੀਅਰ ਆਗੂ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਨ੍ਹਾਂ ਦੇ ਘਰ ਮੁਲਾਕਾਤ ਕੀਤੀ ਤਾਂ ਇਹ ਕਿਹਾ ਗਿਆ ਸੀ ਕਿ ਕੈਪਟਨ ਅਮਰਿੰਦਰ ਸਿੰਘ ਭਾਜਪਾ ਵਿੱਚ ਸ਼ਾਮਲ ਹੋ ਸਕਦੇ ਹਨ। ਓਥੇ ਦੋਵਾਂ ਵਿਚਕਾਰ ਕਰੀਬ 45 ਮਿੰਟ ਬੈਠਕ ਤੋਂ ਪਹਿਲਾਂਦਿੱਲੀ ਦੌਰੇ ਉੱਤੇ ਜਾਣ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਹ ਇਥੇ ਨਿੱਜੀ ਕੰਮਾਂ ਲਈ ਆਏ ਹਨ ਅਤੇ ਉਨ੍ਹਾਂ ਦੀ ਇਸ ਯਾਤਰਾ ਦਾ ਕੋਈ ਸਿਆਸੀ ਕਾਰਨ ਨਹੀਂ ਹੈ।

ਅੱਜ ਕੈਪਟਨ ਅਮਰਿੰਦਰ ਸਿੰਘ ਨੇ ਕਪੂਰਥਲਾ ਹਾਊਸ ਵਾਲੀ ਪੰਜਾਬ ਦੇਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਤੋਂ ਆਪਣਾ ਸਾਮਾਨ ਚੁੱਕ ਕੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲਈ ਬਿਲਡਿੰਗ ਖਾਲੀ ਕਰ ਦਿੱਤੀ ਹੈ।ਕੱਲ੍ਹ ਜਦੋਂ ਇਹ ਕਿਆਫੇ ਚੱਲ ਪਏ ਸਨ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਮਿਤ ਸ਼ਾਹ ਅਤੇ ਭਾਜਪਾ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਨਾਲ ਮੀਟਿੰਗ ਪਿੱਛੋਂ ਉਹ ਭਾਜਪਾ ਵਿੱਚ ਜਾ ਸਕਦੇ ਹਨ ਤਾਂ ਉਨ੍ਹਾਂ ਨੇ ਇਸ ਤੋਂ ਇਨਕਾਰ ਕਰ ਕੇ ਕਿਹਾ ਸੀ ਕਿ ਜਦੋਂ ਉਹ ਕਿਸੇ ਨੂੰ ਮਿਲਣਾ ਚਾਹੁਣਗੇ ਤਾਂ ਖੁੱਲ੍ਹ ਕੇ ਜਾਣਗੇ, ਗੁਪਤ ਨਹੀਂ। ਅੱਜ ਸਥਿਤੀ ਬਦਲ ਗਈ ਹੈ। ਦਿੱਲੀ ਤੋਂ ਵਾਪਸੀ ਉੱਤੇ ਅੱਜ ਵੀਰਵਾਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਨੇ ਸਾਫਕਿਹਾ ਕਿ ਉਹ



ਕਾਂਗਰਸ ਵਿਚ ਨਹੀਂ ਰਹਿਣਗੇ।ਉਨ੍ਹਾਂ ਨੇ ਭਾਜਪਾ ਵਿੱਚ ਜਾਣਦੀ ਚਰਚਾ ਵੀ ਰੋਕ ਕੇ ਕਿਹਾ ਕਿ ਭਾਵੇਂ ਉਹ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੂੰ ਮਿਲੇ ਹਨ, ਪਰ ਭਾਜਪਾ ਵਿੱਚ ਨਹੀਂ ਜਾ ਰਹੇ।ਉਂਜ ਚਰਚਾ ਹੈ ਕਿ ਅਗਲੇ ਦਿਨੀਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮਿਲ ਸਕਦੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੀਨੀਅਰ ਭਾਜਪਾਲੀਡਰਾਂ ਨਾਲ ਮੁਲਾਕਾਤ ਪੰਜਾਬ ਦੇ ਹਿੱਤਾਂ ਲਈ ਕੀਤੀ ਹੈ, ਉਸ ਪਾਰਟੀ ਵਿੱਚ ਸ਼ਾਮਲ ਹੋਣ ਨੂੰ ਨਹੀਂ। ਉਨ੍ਹਾਂ ਭਵਿੱਖ ਬਾਰੇ ਕੁਝ ਕਹਿਣ ਤੋਂ ਟਾਲਦੇ ਹੋਏ ਏਨਾ ਕਿਹਾ ਕਿ ਨਾ ਕਾਂਗਰਸ ਵਿਚ ਰਹਾਂਗਾ, ਨਾ ਭਾਜਪਾਵਿਚ ਜਾਵਾਂਗਾ। ਇਕ ਟੀਵੀ ਚੈਨਲ ਨਾਲ ਗੱਲਬਾਤ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਵਿਧਾਇਕ ਦਲ ਦੀ ਮੀਟਿੰਗ ਬੁਲਾ ਕੇ ਜਦੋਂ ਐਨ ਮੌਕੇ ਉੱਤੇ ਮੈਨੂੰ ਦੱਸਿਆ ਤਾਂ ਮੈਂ ਉਦੋਂ ਹੀ ਕਹਿ ਦਿੱਤਾ ਸੀ ਕਿ ਮੈਂ ਅਹੁਦਾ ਛੱਡ ਰਿਹਾ ਹਾਂ। ਉਨ੍ਹਾਂ ਕਿਹਾ ਕਿ ਜੇ ਕਾਂਗਰਸ ਹਾਈ ਕਮਾਨ ਨੂੰ ਮੇਰੇ ਉਪਰ ਵਿਸ਼ਵਾਸ਼ ਨਹੀਂ ਤਾਂ ਮੇਰੇ ਰਹਿਣ ਦਾ ਕੀ ਫਾਇਦਾ।

ਦਿੱਲੀ ਤੋਂ ਮੁੜਨ ਪਿੱਛੋਂਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੇ ਵਿਰੋਧੀ ਨਵਜੋਤ ਸਿੰਘਸਿੱਧੂਦੇ ਖਿਲਾਫ਼ ਹੋਰ ਵੀ ਗੁੱਸੇ ਵਿੱਚ ਸਨ ਅਤੇ ਉਨ੍ਹਾਸਪੱਸ਼ਟ ਐਲਾਨ ਕੀਤਾ ਕਿ ਉਹਸਿੱਧੂ ਨੂੰ ਕਦੇ ਜਿੱਤਣ ਨਹੀਂ ਦੇਣਗੇ। ਉਨ੍ਹਾ ਕਿਹਾ ਕਿ 'ਮੈਂ ਪਹਿਲਾਂ ਵੀ ਕਈ ਵਾਰ ਕਿਹਾ ਹੋਇਆ ਸੀ ਕਿ ਸਿੱਧੂ ਪੰਜਾਬ ਲਈ ਸਹੀ ਇਨਸਾਨ ਨਹੀਂ।' ਉਨ੍ਹਾਂ ਕਿਹਾ ਕਿ 'ਜੇ ਨਵਜੋਤ ਸਿੰਘ ਸਿੱਧੂ ਚੋਣ ਲੜੇਗਾ ਤਾਂ ਮੈਂ ਉਸ ਨੂੰ ਜਿੱਤਣ ਨਹੀਂ ਦੇਵਾਂਗਾ।' ਇਸ ਤੋਂ ਇਹ ਸਪਸ਼ਟ ਹੈ ਕਿ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਛੱਡ ਕੇ ਕਿਸੇ ਹੋਰ ਪਾਰਟੀ ਵਿੱਚ ਜਾ ਰਹੇ ਹਨ ਜਾਂ ਕੋਈ ਪਾਰਟੀ ਖੜੀ ਕਰ ਸਕਦੇ ਹਨ।

ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਧਰਮਪਤਨੀ ਅਤੇ ਪਟਿਆਲਾ ਤੋਂ ਪਾਰਲੀਮੈਂਟ ਮੈਂਬਰ ਪਰਨੀਤ ਕੌਰ ਨੇ ਕਿਹਾ ਹੈ ਕਿ ਉਹ ਕਾਂਗਰਸ ਵਿੱਚ ਰਹੇਗੀ ਤੇ ਪਾਰਟੀ ਨਹੀਂ ਛੱਡੇਗੀ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਵਿਚ ਜੋ ਹੋ ਰਿਹਾ ਹੈ, ਉਸ ਤੋਂ ਪੂਰਾ ਪੰਜਾਬ ਅਤੇ ਕਾਂਗਰਸੀ ਵਰਕਰ ਬੜੇ ਚਿੰਤਤ ਹਨ।ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸੀਨੀਅਰ ਨੇਤਾ ਹਨ ਅਤੇ ਉਨ੍ਹਾਂ ਨੂੰ ਪਾਰਟੀ ਨੇ ਅਪਮਾਨਿਤ ਕੀਤਾ ਹੈ, ਜਿਸ ਕਾਰਨ ਨਿਰਾਸ਼ ਹੋ ਕੇ ਉਨ੍ਹਾਂ ਨੇ ਅਹੁਦੇ ਤੋਂ ਅਸਤੀਫਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਕਾਰਨ ਪੰਜਾਬ ਵਿਚ 2 ਵਾਰ ਕਾਂਗਰਸ ਦੀ ਸਰਕਾਰ ਬਣੀ ਤੇ ਦੇਸ਼ ਵਿਚ ਮੋਦੀ ਲਹਿਰ ਚੱਲਦੀ ਦੇ ਬਾਵਜੂਦ ਅਮਰਿੰਦਰ ਸਿੰਘ ਪੰਜਾਬ ਤੋਂ ਕਾਂਗਰਸ ਨੂੰ ਸਭ ਤੋਂ ਵੱਧ ਸੀਟਾਂ ਜਿਤਾ ਲਈਆਂ। ਪਟਿਆਲਾ ਜ਼ਿਲੇਦੀਆਂ 8 ਵਿਧਾਨ ਸਭਾ ਸੀਟਾਂ ਵਿੱਚੋਂ 7 ਸੀਟਾਂ ਉੱਤੇ ਕਾਂਗਰਸ ਜੇਤੂ ਰਹੀ। ਅਮਰਿੰਦਰ ਸਿੰਘ ਦੀ ਅਗਵਾਈ ਵਿਚ 2022 ਵਿੱਚ ਵੀ ਕਾਂਗਰਸ ਸਰਕਾਰ ਬਣਨੀ ਸੀ, ਕੁਝ ਲੋਕਾਂ ਨੇ ਨਿੱਜੀ ਲੋੜ ਲਈ ਭੱਠਾ ਬਿਠਾ ਦਿੱਤਾ। ਇਹ ਪੁੱਛਣ ਉੱਤੇ ਕਿ ਉਨ੍ਹਾਂ ਦਾ ਪਲਾਨ ਕੀ ਹੈ, ਉਨ੍ਹਾਂ ਕਿਹਾ ਕਿ ਉਹ ਕਾਂਗਰਸ ਵਿੱਚ ਹਨ। ਪਟਿਆਲੇ ਦੇ ਕਾਂਗਰਸੀ ਵਿਧਾਇਕ ਉਨ੍ਹਾਂ ਦੇ ਨਜ਼ਦੀਕੀ ਹਨਤੇ ਸਾਰੇ ਅਜੇ ਵੀ ਕੈਪਟਨ ਦੇ ਸੰਪਰਕ ਵਿਚ ਹਨ।

## ਪੇਸ਼ਾਵਰ ਵਿੱਚ ਮਸ਼ਹੂਰ ਸਿੱਖ ਹਕੀਮ ਦਾ ਗੋਲੀਆਂ ਮਾਰ ਕੇ ਕਤਲ



ਪੇਸ਼ਾਵਰ, 30 ਸਤੰਬਰ, (ਪੋਸਟ ਬਿਊਰੋ)-ਪਾਕਿਸਤਾਨ ਦੇ ਪੇਸ਼ਾਵਰ ਵਿੱਚ ਸਿੱਖ ਭਾਈਚਾਰੇ ਦੇ ਇੱਕ ਬੜੇ ਪਛਾਣੇ ਹੋਏ ਹਕੀਮ ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਹੈ। ਇਹ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ ਦਾ ਇੱਕ ਨਵਾਂ ਮਾਮਲਾ ਹੈ।

ਪੁਲਿਸ ਨੇ ਦੱਸਿਆ ਕਿ ਹਮਲਾਵਰ ਕਲੀਨਿਕ ਵਿੱਚ ਆਏ ਅਤੇ ਸਿੱਖ ਹਕੀਮ ਨੂੰ ਗੋਲੀਆਂ ਮਾਰ ਦਿੱਤੀਆਂ। ਮ੍ਰਿਤਕ ਦਾ ਨਾਂ ਸਤਨਾਮ ਸਿੰਘ ਸੀ। ਉਸ ਨੂੰ ਜ਼ਖਮੀ ਹਾਲਤ ਵਿੱਚ ਲੇਡੀ ਰੀਡਿੰਗ ਹਸਪਤਾਲ ਲਿਜ-ਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਪੁਲਿਸ ਦੇ ਅਨੁਸਾਰ ਸਤਨਾਮ ਸਿੰਘ ਇੱਕ ਦਿਨ ਪਹਿਲਾਂ ਹਸਨ ਅਬਦਾਲ ਤੋਂ ਪੇਸ਼ਾਵਰ ਆਏ ਸੀ। ਹਕੀਮ ਸਤਨਾਮ ਸਿੰਘ ਪੇਸ਼ਾਵਰ ਤੋਂ ਇਲਾਵਾ ਹਸਨ ਅਬਦਾਲ ਅਤੇ ਰਾਵਲਪਿੰਡੀ ਵਿੱਚ ਵੀ ਮਰੀਜ਼ਾਂ ਨੂੰ ਦੇਖਦੇ ਸਨ। ਐਕਸਪ੍ਰੈਸ ਟ੍ਰਿਬਿਊਨ ਦੀ ਰਿਪੋਰਟ ਅਨੁਸਾਰ ਕੈਪੀਟਲ ਸਿਟੀ ਦੇ ਪੁਲਿਸ ਅਧਿਕਾਰੀ ਪਿਸ਼ਾਵਰ ਨੇ ਕਿਹਾ ਕਿ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ। ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਘੱਟ ਗਿਣਤੀ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਆਮ ਲੋਕਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਕੁੜੀਆਂ ਨੂੰ ਅਗਵਾ ਕਰਕੇ ਉਨ੍ਹਾਂ ਨੂੰ ਧਰਮ ਪਰਿਵਰਤਨ ਨੂੰ ਮਜਬੂਰ ਕੀਤਾ ਜਾਂਦਾ ਹੈ ਅਤੇ ਕਈ ਵਾਰ ਉਨ੍ਹਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਪਿਛਲੇ ਦਿਨੀਂ ਭੀੜ ਨੇ ਪਾਕਿਸਤਾਨ ਦੇ ਮੰਦਰਾਂ ਦੀ ਭੰਨ-ਤੋੜ ਕੀਤੀ ਸੀ। ਵੰਡ ਤੋਂ ਬਾਅਦ ਏਥੇ ਹਿੰਦੂਆਂ ਅਤੇ ਸਿੱਖਾਂ ਦੀ ਆਬਾਦੀ ਲਗਾਤਾਰ ਘਟਦੀ ਜਾ ਰਹੀ ਹੈ।

## ਮੱਤਭੇਦ ਮੁਕਾਉਣ ਲਈ ਮੁੱਖ ਮੰਤਰੀ ਚੰਨੀ ਅਤੇ ਨਵਜੋਤ ਸਿੱਧੂ ਵਿਚਾਲੇ ਗੱਲਬਾਤ ਬੇਨਤੀਜਾ ਰਹੀ

### * ਦੋ ਅਫ਼ਸਰਾਂ ਨੂੰ ਹਟਾਉਣ ਜਾਂ ਰੱਖਣ ਬਾਰੇ ਵੱਖੋ-ਵੱਖ ਦਾਅਵੇ

ਚੰਡੀਗੜ੍ਹ, 30 ਸਤੰਬਰ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਵਿਚਾਲੇ ਅੱਜ ਸ਼ਾਮ ਗੱਲਬਾਤ ਦੇ ਬਾਅਦ ਦੋਵੇਂ ਆਗੂ ਮੀਡੀਆ ਨਾਲ ਕੋਈ ਗੱਲ ਕੀਤੇ ਬਿਨਾਂ ਚਲੇ ਗਏ, ਪਰ ਜਾਣਕਾਰ ਸੂਤਰਾਂ ਵੱਲੋਂ ਇਸ ਬਾਰੇ ਵੱਖੋ-ਵੱਖ ਦਾਅਵੇ ਕੀਤੇ ਜਾ ਰਹੇ ਹਨ। ਅੱਜ ਦੀ ਮੁੱਖ ਮੰਤਰੀ ਅਤੇ ਕਾਂਗਰਸ ਪ੍ਰਧਾਨ ਦੀ ਬੈਠਕ ਪਿੱਛੋਂ ਕਾਂਗਰਸ ਆਗੂਆਂ ਨੇ ਕਿਹਾ ਕਿ ਸਾਰੇ ਮੁੱਦੇ ਸੁਲਝ ਗਏ ਹਨ ਤੇ ਸਥਿਤੀ ਛੇਤੀ ਸਾਫ਼ ਹੋ ਜਾਵੇਗੀ, ਪਰ ਨਵਜੋਤ ਸਿੰਘਸਿੱਧੂ ਨੇ ਅਸਤੀਫ਼ਾ ਵਾਪਸ ਲੈਣਾ ਮੰਨਿਆ ਜਾਂ ਨਹੀਂ, ਇਹ ਸਪੱਸ਼ਟ ਨਹੀਂ ਹੋ ਸਕਿਆ।ਪਤਾ ਲੱਗਾ ਹੈਕਿਬੈਠਕ ਵਿੱਚਸਿੱਧੂ ਨੇ ਕਿਹਾ ਕਿ ਮੈਂ ਪੰਜਾਬ ਵਿੱਚ ਕਾਂਗਰਸ ਨੂੰ ਮਰਨ ਨਹੀਂ ਦਿਆਂਗਾ। ਇਸ ਮੀਟਿੰਗ ਤੋਂ ਪਹਿਲਾਂ ਉਨ੍ਹਾਂ ਦੇ ਪ੍ਰਮੁੱਖ ਸਲਾਹਕਾਰ ਤੇ ਮੰਤਰੀ ਰਜ਼ੀਆ ਸੁਲਤਾਨਾ ਦੇ ਪਤੀ ਮੁਹੰਮਦ ਮੁਸਤਫਾ ਨੇ ਮੈਸੇਜ ਜਾਰੀ ਕੀਤਾ ਸੀ ਕਿ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਰਹਿਣਗੇ, ਜਿਸ ਨਾਲ ਉਨ੍ਹਾਂ ਦੇ ਮੋੜਾ ਪਾਉਣ ਦੇ ਸੰਕੇਤ ਮਿਲੇ



ਸਨ। ਮੀਟਿੰਗ ਦੌਰਾਨ ਨਵਜੋਤ ਸਿੰਘ ਸਿੱਧੂ ਦੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫੇ ਬਾਰੇ ਵੀ ਗੱਲ ਹੋਈਅਤੇਦੱਸਿਆ ਜਾਂਦਾ ਹੈ ਕਿ ਸਿੱਧੂਓਥੇ ਵੀ ਪੰਜਾਬ ਪੁਲਸ ਦੇ ਕਾਰਜਕਾਰੀ ਮੁਖੀ (ਡੀ ਜੀ ਪੀ) ਇਕਬਾਲ ਪ੍ਰੀਤ ਸਿੰਘ ਸਹੋਤਾ ਤੇ ਪੰਜਾਬ ਦੇ ਐਡਵੋਕੇਟ ਜਨਰਲ ਅਮਰਪ੍ਰੀਤ ਸਿੰਘ ਦਿਓਲ ਨੂੰ ਹਟਾਉਣ ਉੱਤੇ ਅੜੇ ਰਹੇ ਸਨ।ਉਂਜ ਕਾਂਗਰਸ ਦੇ ਸੂਤਰਾਂ ਨੇ ਸੰਕੇਤ ਦਿੱਤਾ ਕਿ ਦੋਵਾਂ ਦੀ ਬੈਠਕਨਾਲ ਸਾਰਾ ਮਾਮਲਾ ਹੱਲ ਹੋ ਸਕਦਾ ਹੈ।

ਨਵਜੋਤ ਸਿੰਘ ਸਿੱਧੂ ਨੇ ਅੱਜਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਮੁਲਾਕਾਤ ਤੋਂ ਪਹਿਲਾਂ ਫਿਰ ਤਿੱਖੇ ਤੇਵਰ ਦਿਖਾਏ ਤੇ ਪੰਜਾਬ ਪੁਲਸ ਦੇ ਨਵੇਂ ਕਾਰਜਕਾਰੀ ਮੁਖੀ ਇਕਬਾਲ ਪ੍ਰੀਤ ਸਿੰਘ ਸਹੋਤਾ ਉੱਤੇ ਨਿਸ਼ਾਨਾ ਲਾਇਆ ਸੀ।ਉਨ੍ਹਾਂ ਨੇ ਕਿਹਾ ਕਿ ਡੀ ਜੀ ਪੀਇਕਬਾਲ ਪ੍ਰੀਤ ਸਿੰਘ ਸਹੋਤਾ ਬਾਦਲ ਸਰਕਾਰ ਵੇਲੇ ਬੇਅਦਬੀ ਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ(ਐੱਸਆਈਟੀ) ਦੇ ਮੁਖੀ ਸਨਅਤੇ ਉਨ੍ਹਾਂ ਨੇ ਦੋ ਸਿੱਖ ਨੌਜਵਾਨਾਂ ਨੂੰ ਗਲਤ ਫਸਾ ਕੇ ਬਾਦਲਾਂ ਨੂੰ ਕਲੀਨਚਿੱਟ ਦਿੱਤੀ ਸੀ, ਜਿਸ ਬਾਰੇ ਮੈਂ ਕਾਂਗਰਸ ਦੇ ਕਈ ਮੰਤਰੀਆਂ ਅਤੇ ਅੱਜ ਦੇ ਪੰਜਾਬ ਦੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਲ ਉਥੇ ਗਿਆ ਸੀ ਅਤੇ ਅਸੀਂ ਲੋਕਾਂ ਲਈ ਲੜਨ ਦਾ ਭਰੋਸਾ ਦਿੱਤਾ ਸੀ।

## ਕਿਸਾਨ ਅੰਦੋਲਨ ਬਾਰੇ ਸੁਪਰੀਮ ਕੋਰਟ ਨੇ ਸਰਕਾਰ ਨੂੰ ਕਿਹਾ: 'ਕਾਨੂੰਨ ਲਾਗੂ ਕਰਾਉਣਾ ਤੁਹਾਡਾ ਕੰਮ'

ਨਵੀਂ ਦਿੱਲੀ, 30 ਸਤੰਬਰ, (ਪੋਸਟ ਬਿਊਰੋ)-ਭਾਰਤ ਦੀ ਸੁਪਰੀਮ ਕੋਰਟ ਨੇ ਰਾਜਧਾਨੀ ਦਿੱਲੀ ਦੇ ਬਾਰਡਰਾਂ ਉੱਤੇ ਚੱਲ ਰਹੇ ਕਿਸਾਨ ਅੰਦੋਲਨ ਬਾਰੇ ਇੱਕ ਪਟੀਸ਼ਨ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੂੰ ਫਿਟਕਾਰ ਲਾਈ ਅਤੇ ਕਿਹਾ ਹੈ ਕਿ ਕਿਸਾਨਾਂ ਨੂੰ ਓਥੋਂ ਹਟਾਉਣ ਦੇ ਮੁੱਦੇ ਉੱਤੇ ਕੇਂਦਰ ਸਰਕਾਰ ਖੁਦ ਕਦਮ ਚੁੱਕੇ।



ਅੱਜ ਵੀਰਵਾਰ ਨੂੰ ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਕਾਨੂੰਨ ਲਾਗੂ ਕਰਾਉਣਾ ਤੁਹਾਡਾ ਕੰਮ ਹੈ, ਅਦਾਲਤ ਜਨਤਕ ਥਾਵਾਂ ਉੱਤੇ ਧਰਨਾ ਦੇਣ ਦੇ ਕੇਸ ਵਿੱਚ ਸਪੱਸ਼ਟ ਨਿਰਦੇਸ਼ ਦੇ ਚੁੱਕੀ ਹੈ, ਸਰਕਾਰ ਸਾਨੂੰ ਇਹ ਨਾ ਆਖੇ ਕਿ ਅਸੀਂ ਕੁਝ ਨਹੀਂ ਕਰ ਸਕੇ। ਸੁਪਰੀਮ ਕੋਰਟ ਵਿੱਚਇਸ ਦੀ ਅਗਲੀ ਸੁਣਵਾਈ ਸੋਮਵਾਰ ਹੋਵੇਗੀ।ਕੋਰਟ ਨੇ ਕੇਂਦਰ ਸਰਕਾਰ ਨੂੰ ਫਿਟਕਾਰ ਲਾਉਂਦੇ ਹੋਏ ਕਿਹਾ ਕਿ ਹਾਈਵੇਅ ਅਤੇ ਸੜਕਾਂ ਨੂੰ ਪੱਕਾ ਜਾਮ ਨਹੀਂ ਕੀਤਾ ਜਾਣਾ ਚਾਹੀਦਾ।

ਸੁਪਰੀਮ ਕੋਰਟ ਦੀ ਕੇਂਦਰ ਨਾਲ ਨਾਰਾਜ਼ਗੀ ਨੋਇਡਾ ਦੇ ਇਕ ਪਟੀਸ਼ਨਰ ਦੀ ਅਰਜ਼ੀ ਉੱਤੇ ਸੁਣਵਾਈ ਦੇ ਦੌਰਾਨ ਸਾਹਮਣੇ ਆਈ। ਇਸ ਪਟੀਸ਼ਨਰ ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਵਲੋਂ ਸੜਕਾਂ ਨੂੰ ਜਾਮ ਕਰਨ ਕਰ ਕੇ ਨੋਇਡਾ ਅਤੇ ਦਿੱਲੀ ਵਿਚਾਲੇ ਯਾਤਰੀਆਂ ਨੂੰ ਆਵਾਜਾਈ ਦੀ ਔਖ ਦਾਜ਼ਿਕਰ ਕੀਤਾ ਹੈ। ਕੇਂਦਰ ਸਰਕਾਰ ਵਲੋਂ ਸਾਲਿ-ਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਅਸੀਂ ਤਿੰਨ ਮੈਂਬਰੀ ਕਮੇਟੀ ਬਣਾ ਕੇ ਕਿਸਾਨ ਨੇਤਾਵਾਂ ਨੂੰ ਗੱਲਬਾਤ ਲਈ ਸੱਦਿਆ ਤੇ ਹੋਰ ਥਾਂਧਰਨੇ ਲਾਉਣ ਲਈ ਸਲਾਹ ਦਿੱਤੀ ਸੀ, ਪਰ ਉਨ੍ਹਾਂ ਨੇ ਇਸ ਨੂੰ ਮੰਨਿਆ ਨਹੀਂ। ਕੋਰਟ ਨੇ ਕਿਹਾ ਕਿ ਤੁਸੀਂ ਇਸ ਬਾਰੇ ਅਦਾਲਤਨੂੰ ਬੇਨਤੀ ਕਿਉਂ ਨਹੀਂ ਕਰਦੇ। ਇਸ ਉੱਤੇ ਸਾਲਿਸਿਟਰ ਜਨਰਲ ਨੇ ਕਿਹਾ ਕਿ ਅਸੀਂ ਅਰਜ਼ੀ ਪੇਸ਼ ਕਰ ਦੇਵਾਂਗੇਤੇ ਕੇਂਦਰ ਸਰਕਾਰ ਆਪਣੀ ਅਰਜ਼ੀ ਵਿਚ ਕਿਸਾਨ ਜਥੇਬੰਦੀਆਂ ਨੂੰ ਇੱਕ ਧਿਰ ਵੱਜੋਂ ਸ਼ਾਮਲ ਕਰੇਗੀ, ਜਿਸ ਵਿੱਚ ਕਿਸਾਨ ਆਪਣਾ ਪੱਖ ਕੋਰਟ ਵਿੱਚ ਰੱਖ ਸਕਣਗੇ।ਇਸ ਮੌਕੇ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਐਮਐਮ ਸੁੰਦਰੇਸ਼ ਦੇ ਬੈਂਚ ਨੇ ਕਿਹਾ ਕਿ ਮੁਸ਼ਕਲਾਂ ਦਾ ਹੱਲ ਜੁਡੀਸ਼ਲ ਪਲੇਟਫਾਰਮ ਜਾਂ ਪਾਰਲੀਮੈਂਟਰੀ ਬਹਿਸ ਨਾਲ ਹੋ ਸਕਦਾ ਹੈ,ਹਾਈਵੇਜ਼ਬਲਾਕ ਨਹੀਂ ਕੀਤੇ ਜਾ ਸਕਦੇ। ਸੁਪਰੀਮ ਕੋਰਟ ਨੋਇਡਾ ਦੀ ਮੋਨਿਕਾ ਅਗਰਵਾਲ ਦੀ ਅਰਜ਼ੀ ਉੱਤੇ ਸੁਣਵਾਈ ਕਰ ਰਹੀ ਸੀ, ਜਿਨ੍ਹਾਂ ਨੇ ਨਾਕਾਬੰਦੀ ਹਟਾਉਣ ਦੀ ਮੰਗ ਕਰ ਕੇ ਕਿਹਾ ਸੀ ਕਿ ਪਹਿਲਾਂ ਦਿੱਲੀਲਈ 20 ਮਿੰਟ ਲੱਗਦੇ ਸੀ, ਅੱਜਕੱਲ੍ਹ ਦੋ ਘੰਟੇ ਤੋਂ ਵੱਧ ਲੱਗਦੇ ਹਨ ਅਤੇਦਿੱਲੀਦੇ ਉੱਤੇ ਯੂ ਪੀ ਗੇਟ ਉੱਤੇ ਪ੍ਰਦਰਸ਼ਨ ਕਾਰਨ ਮੁਸ਼ਕਿਲਪੇਸ਼ ਆ ਰਹੀ ਹੈ।

## ਝੋਨੇ ਦਾ ਸੀਜ਼ਨ ਸ਼ੁਰੂ ਹੁੰਦੇ ਸਾਰ ਗੈਰ-ਕਾਨੂੰਨੀ 12000 ਬੋਰੀਆਂ ਚੌਲ ਬਰਾਮਦ

### * ਮੰਤਰੀ ਆਸ਼ੂ ਨੇ ਕਿਹਾ: ਬੋਗਸ ਮਿਲਿੰਗ ਬਰਦਾਸ਼ਤ ਨਹੀਂ

ਚੰਡੀਗੜ੍ਹ, 30 ਸਤੰਬਰ, (ਪੋਸਟ ਬਿਊਰੋ)-ਪੰਜਾਬ ਵਿੱਚ ਝੋਨੇ ਦਾ ਸੀਜ਼ਨ ਸ਼ੁਰੂ ਹੁੰਦੇ ਸਾਰ ਗੈਰ-ਕਾਨੂੰਨੀ ਅਤੇ ਅਸਲੋਂ ਬੋਗਸ ਮਿੱਲਿੰਗ ਹੋਣ ਦੇ ਸਕੈਂਡਲ ਜ਼ਾਹਰ ਹੋਣ ਲੱਗੇ ਹਨ। ਇਸ ਬਾਰੇ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਅੱਜ ਕਿਹਾ ਕਿ ਝੋਨੇ ਦੀ ਬੋਗਸ ਮਿਲਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇਦੱਸਿਆ ਕਿ ਕਪੂਰਥਲਾ ਦੇ ਗੋਪਾਲ ਰਾਈਸ ਮਿੱਲਵਿੱਚ ਛਾਪੇ ਵਿੱਚ ਗੈਰਕਾਨੂੰਨੀ ਤੌਰ ਉੱਤੇਜਮ੍ਹਾਂ ਕੀਤੀਆਂ 12000 ਬੋਰੀਆਂ ਚਾਵਲ ਦੀਆਂ ਬੋਰੀਆਂ ਮਿਲੀਆਂ ਹਨ, ਜਿਨ੍ਹਾਂ ਦੀ ਕੀਮਤ 2 ਕਰੋੜ ਰੁਪਏ ਬਣਦੀ ਹੈ।

ਇਸ ਬਾਰੇ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਦੱਸਿਆ ਕਿ ਕਪੂਰਥਲੇ ਵਿੱਚ ਦੇਵਕੀ ਨੰਦਨ ਅਗਰਵਾਲ ਦੀ ਮਾਲਕੀਗੋਪਾਲ ਰਾਈਸ ਮਿੱਲ ਬੰਦ ਹੈ। ਇਸਦਾ ਮਾਲਕ ਦੂਸਰੇ ਰਾਜਾਂ ਤੋਂ ਜਨਤਕ ਸਪਲਾਈ ਵਾਲੇ ਚੌਲਾਂ ਨੂੰ ਕਾਵਿਆਂਸ਼ ਟਰੇਡਿੰਗ ਕੰਪਨੀ, ਖੁਸ਼ੀ ਐਗਰੋ ਤੇ ਉਮਾਂਸ਼ੂ ਕੰਪਨੀ ਦੇ ਨਾਮ ਦੀਆਂ ਫਰਮਾਂ ਰਾਹੀਂ ਲਿਆ ਕੇ ਪੰਜਾਬ ਵਿੱਚ ਹੋਰ ਸ਼ੈਲਰਾਂ ਨੂੰ ਵੇਚਦਾ ਸੀ। ਉਨ੍ਹਾਂ ਦੱਸਿਆ ਕਿ ਕੋਟਕਪੂਰਾ ਦੇ ਸ੍ਰੀਕ੍ਰਿਸ਼ਨਾ ਰਾਈਸ ਮਿਲ ਵਿੱਚ ਛਾਪਾ ਮਾਰਕੇ 4000 ਬੈਗ ਚਾਵਲ ਅਤੇ 3800 ਬੈਗ ਪਰਮਲ ਫੜੇ ਹਨ। ਉਹਨਾਂ ਦੱਸਿਆ ਕਿ ਪੰਜਾਬ ਵਿੱਚਪਿਛਲੇ ਹਫ਼ਤੇ ਵਿੱਚ ਬੋਗਸ ਬਿਲਿੰਗ ਲਈ ਰੱਖੀਆਂ 42161 ਬੋਰੀਆਂ ਚਾਵਲ/ਝੋਨਾ ਬਰਾਮਦ ਕੀਤੀਆਂ ਹਨ, ਜਿਨ੍ਹਾਂਵਿੱਚ ਕਿਸਾਨ ਇੰਡਸਟ੍ਰੀਜ਼ ਜਲਾਲਾਬਾਦ ਤੋਂ 23000 ਬੋਰੀਆਂ ਚਾਵਲ, ਵਾਸੂਦੇਵ ਰਾਈਸ ਮਿੱਲ ਜਲੰਧਰ ਤੋਂ 1336 ਬੋਰੀਆਂ ਚਾਵਲ, ਗੋਲਡਨ ਰਾਈਸ ਮਿੱਲ ਬਾਘਾ



ਪੁਰਾਣਾ ਤੋਂ 1112 ਬੋਰੀਆਂ ਚਾਵਲ ਦੇ ਬਿੱਲ ਮਿਲੇ, ਪਰਮਿੱਲਦੇ ਗੋਦਾਮ ਵਿੱਚ ਉਹ ਚਾਵਲ ਹੀ ਨਹੀਂ ਸਨ। ਇਸ ਤੋਂ ਇਲਾਵਾ ਸ੍ਰੀਲੱਛਮੀ ਰਾਈਸ ਮਿੱਲ ਰਾਮਪੁਰਾ ਫੂਲ ਤੋਂ 6953 ਬੈਲੇ ਨੱਕੂ ਅਤੇ 6060 ਰਿਜੈਕਟਿਡ ਚਾਵਲਾਂ ਦੇ ਬੈਲੇ ਮਿਲੇ ਹਨ।

## ਸੀਨੀਅਰ ਕਾਂਗਰਸ ਆਗੂ ਕਪਿਲ ਸਿੱਬਲ ਦੇ ਘਰ ਮੂਹਰੇ ਕਾਂਗਰਸ ਦੇ ਵਰਕਰਾਂ ਦਾ ਪ੍ਰਦਰਸ਼ਨ

### * ਆਨੰਦ ਸ਼ਰਮਾ ਨੇ ਸੋਨੀਆ ਗਾਂਧੀ ਤੋਂ ਕਾਰਵਾਈ ਦੀ ਮੰਗ ਕੀਤੀ

ਨਵੀਂ ਦਿੱਲੀ, 30 ਸਤੰਬਰ, (ਪੋਸਟ ਬਿਊਰੋ)-ਕਾਂਗਰਸਦੇ ਸੀਨੀਅਰ ਆਗੂਅਤੇ ਸੀਨੀਅਰ ਵਕੀਲ ਕਪਿਲ ਸਿੱਬਲ ਦੇ ਘਰ ਮੂਹਰੇ ਕਾਂਗਰਸੀ ਵਰਕਰਾਂ ਵੱਲੋਂ ਕੀਤੇ ਗਏ ਪ੍ਰਦਰਸ਼ਨ ਦਾ ਮਾਮਲਾ ਭਖ ਗਿਆ ਹੈ। ਇਸ ਦੇ ਬਾਅਦ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਵਿੱਚ ਪਾਰਟੀ ਦੇ ਡਿਪਟੀ ਲੀਡਰ ਆਨੰਦ ਸ਼ਰਮਾ ਨੇ ਇਸ ਪ੍ਰਦਰਸ਼ਨ ਨੂੰ ਗੁੰਡਾਗਰਦੀ ਕਿਹਾ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਇਨ੍ਹਾਂ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਕਪਿਲ ਸਿੱਬਲ ਨੇ ਪੰਜਾਬ ਕਾਂਗਰਸਵਿਚਲੇ ਕਲੇਸ਼ ਬਾਰੇ ਕਾਂਗਰਸ ਹਾਈਕਮਾਨ ਦੇ ਫੈਸਲੇ ਉੱਤੇ ਸਵਾਲ ਉਠਾਏ ਸਨ। ਇਸ ਦੇ ਬਾਅਦ ਕੁਝ ਨਾਰਾਜ਼ ਕਾਂਗਰਸੀ ਵਰਕਰਾਂ ਨੇ ਉਨ੍ਹਾਂ ਦੇ ਘਰ ਮੂਹਰੇ ਪ੍ਰਦਰਸ਼ਨ ਕੀਤਾ, ਜਿਸ ਨੂੰ ਗਲਤ ਮੰਨਿਆ ਗਿਆ ਸੀ। ਰਾਜ ਸਭਾ ਵਿੱਚ ਕਾਂਗਰਸ ਦੇ ਡਿਪਟੀ ਲੀਡਰ ਆਨੰਦ ਸ਼ਰਮਾ ਅਤੇ ਕਪਿਲ ਸਿੱਬਲਉਨ੍ਹਾਂ 23 ਲੀਡਰਾਂ ਦੇ ਗਰੁੱਪ ਵਿੱਚੋਂ ਹਨ, ਜਿਨ੍ਹਾਂ ਨੇ ਪਿਛਲੇ ਸਾਲ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਪਾਰਟੀ ਸੰਗਠਨ ਦੇ ਬਦਲਾਅ ਦੀ ਮੰਗ ਕੀਤੀ ਸੀ।ਆਨੰਦ ਸ਼ਰਮਾ ਨੇ ਅੱਜ ਟਵੀਟਕਰ ਕੇ ਕਿਹਾ ਕਿ ਕਪਿਲ ਸਿੱਬਲ ਦੇ ਘਰਉੱਤੇ ਹਮਲੇ ਤੇ ਗੁੰਡਾਗਰਦੀ ਦੀ ਖਬਰ ਸੁਣ ਕੇ ਨਰਾਜ਼ ਹਾਂ, ਇਹ ਨਿੰਦਣਯੋਗ ਕਾਰਵਾਈ ਪਾਰਟੀ ਨੂੰ ਬਦਨਾਮ ਕਰ ਰਹੀ ਹੈ ਤੇ ਇਸ ਦੀ ਸਖਤ ਨਿੰਦਾ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਪ੍ਰਗਟਾਵੇ ਦੀ ਆਜ਼ਾਦੀ ਨੂੰ




ਕਾਇਮ ਰੱਖਣ ਦਾ ਇਤਿਹਾਸ ਰਿਹਾ ਹੈ, ਪਰ ਇਸ ਹਰਕਤ ਲਈ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨੀ ਤੇ ਉਨ੍ਹਾਂ ਉੱਤੇ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਇਸ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਨੋਟਿਸ ਲੈਣ ਤੇ ਕੋਈ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ। ਕਾਂਗਰਸ ਦੇ ਕੰਮ-ਕਾਜ ਬਾਰੇ ਪਿਛਲੇ ਬੁੱਧਵਾਰ ਸਵਾਲ ਚੁੱਕਣ ਦੇ ਕੁਝ ਘੰਟੇ ਬਾਅਦ ਕਪਿਲਸਿੱਬਲ ਉੱਤੇ ਕਈ ਤਰ੍ਹਾਂ ਹਮਲੇ ਸ਼ੁਰੂ ਹੋ ਗਏ ਤੇ ਪਾਰਟੀ ਵਰਕਰਾਂ ਨੇ ਉਨ੍ਹਾਂ ਦੇ ਘਰ ਅੱਗੇ ਵਿਰੋਧ ਪ੍ਰਦਰਸ਼ਨ ਕੀਤਾ ਸੀ।ਦਿਲੀ ਪ੍ਰਦੇਸ਼ ਕਾਗਰਸ ਦੇ ਵਰਕਰਾਂ ਨੇ 'ਗੈੱਟ ਵੈੱਲ ਸੂਨ ਕਪਿਲ ਸਿਬਲ' ਦੀਆਂ ਤਖਤੀਆਂ ਲਹਿਰਾ ਕੇ ਕਪਿਲਸਿੱਬਲਦੇ ਖਿਲਾਫ ਉਨ੍ਹਾਂ ਦੀ ਰਿਹਾਇਸ਼ ਉੱਤੇ ਨਾਅਰੇਬਾਜ਼ੀ ਕੀਤੀ ਤੇ ਉਨ੍ਹਾਂ ਨੂੰ ਪਾਰਟੀ ਛੱਡਣ ਲਈ ਕਿਹਾ ਸੀ।






# ਸੰਪਾਦਕੀ

### ਰੈਜ਼ੀਡੈਸ਼ੀਅਲ ਸਕੂਲਾਂ ਦਾ ਕੌੜਾ ਅਤੀਤ

## ਸੱਚਾਈ ਅਤੇ ਸੰਧੀ ਦਾ ਧੁਰਾ ਭਰੋਸੇਯੋਗਤਾ

ਕੱਲ ਕੈਨੇਡਾ ਦਾ ਪਹਿਲਾ 'Truth and Reconciliation Day ਭਾਵ ਸੱਚਾਈ ਅਤੇ ਸੰਧੀ ਦਾ ਦਿਵਸ ਮਨਾਇਆ ਗਿਆ। ਫੈਡਰਲ ਸਰਕਾਰ, ਵੱਡੇ ਅਦਾਰਿਆਂ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ (ਅਲਬਰਟਾ, ਨਿਊਬਰੰਨਸਵਿੱਕ, ਕਿਊਬਿੱਕ ਅਤੇ ਉੰਟੇਰੀਓ ਤੋਂ ਇਲਾਵਾ) ਨੇ ਛੁੱਟੀ ਐਲਾਨੀ। ਸੱਚਾਈ ਅਤੇ ਸੰਧੀ ਸ਼ਬਦਾਂ ਨੂੰ ਲੈ ਕੇ ਅੱਛੀ ਖਾਸੀ ਬਹਿਸ ਹੋ ਸਕਦੀ ਹੈ ਪਰ ਇਹਨਾਂ ਸ਼ਬਦਾਂ ਦੇ ਮਰਮ ਨੂੰ ਸਮਝਣ ਲਈ ਕਿਸੇ ਆਤਮਾ ਨੂੰ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਕੌੜੇ ਸੱਚ ਨੂੰ ਹੰਢਾਉਣਾ ਲਾਜ਼ਮੀ ਹੈ। ਸਹੀ ਹੈ ਕਿ ਇਸ ਕੌੜੇ ਸੱਚ ਨੂੰ ਜਿਉਂਦਾ ਰੱਖਣ ਲਈ ਛੁੱਟੀ ਦਾ ਮਹੱਤਵਪੂਰਣ ਰੋਲ ਅਦਾ ਕਰ ਸਕਦਾ ਹੈ ਪਰ ਜਦੋਂ ਤੱਕ ਸਰਕਾਰਾਂ ਵਿੱਚ ਮੂਲਵਾਸੀਆਂ ਨਾਲ ਇਨਸਾਫ਼ ਕਰਨ ਲਈ ਸੌੜੇ ਸਿਆਸੀ ਬਿਆਨਾਂ ਤੋਂ ਉੱਠ ਕੇ ਕੰਮ ਕਰਨ ਦੀ ਲਾਲਸਾ ਪੈਦਾ ਨਹੀਂ ਹੁੰਦੀ, ਕੁੱਝ ਸਾਰਥਿਕ ਸਿੱਟੇ ਨਿਕਲਣ ਦੀ ਉਮੀਦ ਨਹੀਂ ਕੀਤੀ ਜਾਣੀ ਚਾਹੀਦੀ।

2015 ਵਿੱਚ ਸਟੀਫਨ ਹਾਰਪਰ ਸਰਕਾਰ ਵੇਲੇ ਟਰੁਥ ਐਂਡ ਰੀਕਾਨਸੀਲੀਏਸ਼ਨ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਰੈਜ਼ੀਡੈਂਸੀਅਲ ਸਕੂਲਾਂ ਦੀ ਪੀੜ੍ਹ ਨੂੰ ਦੂਰ ਕਰਨ ਅਤੇ ਮੂਲਵਾਸੀਆਂ ਨਾਲ ਸੱਚੇ ਵਰਤਾਅ ਰਾਹੀਂ ਪਿਛਲੇ ਦੁਖੜਿਆਂ ਉੱਤੇ ਮਲ੍ਹੱਮ ਲਾਉਣ ਵਾਸਤੇ 94 Call to action ਅਪਨਾਉਣ ਦੀ ਗੱਲ ਕੀਤੀ ਗਈ ਸੀ। 1953 ਵਿੱਚ ਇੱਕ ਸਰਵੇ ਕੀਤਾ ਗਿਆ ਸੀ ਜਿਸ ਅਨੁਸਾਰ ਉਸ ਵਕਤ 10,112 ਬੱਚੇ ਰੈਜ਼ੀਡੈਂਸੀਅਲ ਸਕੂਲਾਂ ਵਿੱਚ ਪੜ ਰਹੇ ਸਨ। ਇਹਨਾਂ ਵਿੱਚੋਂ 4313 ਬੱਚੇ ਉਹ ਸਨ ਜਿਹਨਾਂ ਨੂੰ ਅਨਾਥ ਕਿਹਾ ਜਾ ਸਕਦਾ ਹੈ ਕਿਉਂਕਿ ਉਹਨਾਂ ਦੇ ਮਾਪਿਆਂ ਨਾਲੋਂ ਸਬੰਧ ਟੁੱਟ ਚੁੱਕੇ ਸਨ ਜਾਂ ਮਾਪੇ ਹਾਰ ਹੰਭ ਕੇ ਆਪਣੇ ਬੱਚਿਆਂ ਨੂੰ ਵਿਸਾਰ ਚੁੱਕੇ ਸਨ। ਰੈਜ਼ੀਡੈਂਸ਼ੀਅਲ ਸਕੂਲਾਂ ਦੇ 120 ਸਾਲਾਂ ਦੇ ਇਤਿਹਾਸ ਵਿੱਚ ਕੁੱਲ ਡੇਢ ਲੱਖ ਬੱਚੇ ਸੰਤਾਪ ਭੋਗਣ ਲਈ ਮਜ਼ਬੂਰ ਹੋਏ, 3200 ਬੱਚੇ ਸਕੂਲਾਂ ਦੇ ਅਹਾਤਿਆਂ ਵਿੱਚ ਹੀ ਮੌਤ ਨੂੰ ਪਿਆਰੇ ਹੋਏ। 32,970 ਬੱਚਿਆਂ ਨਾਲ ਜਿਣਸੀ ਜਬਰਦਸਤੀ ਹੋਈ। ਜਿਣਸੀ ਅਪਰਾਧ ਅਜਿਹਾ ਕੁਕਰਮ ਹੈ ਜੋ ਇਨਸਾਨ ਨੂੰ ਜ਼ਿੰਦਗੀ ਭਰ ਪਰੇਸ਼ਾਨ ਕਰਦਾ ਹੈ। 70,000 ਲੋਕ ਹਾਲੇ ਵਿੱਚ ਕੈਨੇਡਾ ਵਿੱਚ ਜਿਉਂਦੇ ਹਨ ਜਿਹਨਾਂ ਨੇ ਰੈਜ਼ੀਡੈਸ਼ੀਅਲ ਸਕੂਲਾਂ ਵਿੱਚ ਜੀਵਨ ਬਤੀਤ ਕੀਤਾ।

ਇਸ ਸਾਲ ਹਜ਼ਾਰਾਂ ਬੱਚਿਆਂ ਦੀਆਂ ਕਬਰਾਂ ਸਕੂਲਾਂ ਦੇ ਪੁਰਾਣੇ ਅਹਾਤਿਆਂ ਵਿੱਚੋਂ ਮਿਲੀਆਂ ਜਿਸ ਨਾਲ ਸਮੂਹ ਕੈਨੇਡੀਅਨਾਂ ਦੇ ਹਿਰਦੇ ਬਲੂੰਧਰੇ ਗਏ। ਜ਼ਿਆਦਾਤਰ ਇੰਮੀਗਰਾਂਟ ਕੈਨੇਡਾ ਇਸ ਲਈ ਪਰਵਾਸ ਕਰਦੇ ਹਨ ਤਾਂ ਜੋ ਉਹਨਾਂ ਦੇ ਬੱਚਿਆਂ ਦਾ ਭੱਵਿਖ ਚੰਗਾ ਬਣ ਸਕੇ। ਇੰਮੀਗਰਾਂਟ ਇਸ ਗੱਲ ਨੂੰ ਭਲੀਭਾਂਤ ਮਹਿਸੂਸ ਕਰ ਸਕਦੇ ਹਨ ਕਿ ਕੈਨੇਡਾ ਦੇ ਮੂਲਵਾਸੀ ਬੱਚਿਆਂ ਨੂੰ ਚੰਗੇ ਭੱਵਿਖ ਦੀ ਥਾਂ ਮੌਤ ਦਾ ਤਾਂਡਵ ਹੰਢਾਉਣ ਲਈ ਮਜ਼ਬੂਰ ਹੋਣਾ ਕਿੰਨੀ ਖੌਫਨਾਕ ਗੱਲ ਹੈ। Truth and Reconciliation ਦਿਵਸ ਦੀ ਮਹੱਤਤਾ ਨੂੰ ਇਸ ਪਿੱਠਭੂਮੀ ਵਿੱਚ ਸਮਝਣ ਦੀ ਲੋੜ ਹੈ। ਕੈਥੋਲਿਕ ਚਰਚਾਂ ਨੂੰ ਆਪਣੇ ਰੋਲ ਦਾ ਸਿਰਫ਼ ਮੁਲਾਂਕਣ ਹੀ ਨਹੀਂ ਕਰਨਾ ਚਾਹੀਦਾ ਸਗੋਂ ਸੱਚੇ ਦਿਲੋਂ ਮੁਆਫੀ ਮੰਗਣੀ ਚਾਹੀਦੀ ਹੈ। ਇਸੇ ਤਰੀਕੇ ਫੈਡਰਲ ਸਰਕਾਰ ਨੂੰ ਮੂਲਵਾਸੀਆਂ ਲੀਡਰਾਂ ਨਾਲ ਮਿਲ ਕੇ ਅਗਾਂਹਵਧੂ ਕਦਮ ਚੁੱਕਣੇ ਚਾਹੀਦੇ ਹਨ। ਅਫ਼ਸੋਸ ਕਿ ਵੱਡੇ ਵੱਡੇ ਵਾਅਦਿਆਂ ਦੇ ਬਾਵਜੂਦ ਹਾਲੇ ਤੱਕ ਕੋਈ ਸਾਰਥਕ ਯਤਨ ਕੀਤੇ ਨਹੀਂ ਗਏ ਹਨ। ਮੂਲਵਾਸੀਆਂ ਦਾ ਦਿਲ ਛੁੱਟੀਆਂ ਅਤੇ ਖੋਖਲੇ ਵਾਅਦਿਆਂ ਨਾਲੋਂ ਭਰੋਸੇਯੋਗਤਾ ਰਾਹੀਂ ਕਿਤੇ ਵੱਧ ਜਿੱਤਿਆ ਜਾ ਸਕਦਾ ਹੈ।

ਭਰਸੋਯੋਗਤਾ ਪੈਦਾ ਕਰਨ ਲਈ ਲਾਜ਼ਮੀ ਹੈ ਕਿ ਜ਼ਮੀਨੀ ਪੱਧਰ ਉੱਤੇ ਕਾਰਵਾਈਆਂ ਕੀਤੀਆਂ ਜਾਣ। ਇਹ ਗੱਲ ਸੱਭ ਜਾਣਦੇ ਹਨ ਕਿ ਮੂਲਵਾਸੀਆਂ ਨਾਲ ਨਸਲੀ ਭੇਦਭਾਵ ਹਾਲੇ ਦੀ ਇੱਕ ਕੌੜੀ ਸੱਚਾਈ ਹੈ, ਮੂਲਵਾਸੀ ਨੌਜਵਾਨਾਂ ਵਿੱਚ ਬੇਰੁਜ਼ਗਾਰੀ, ਮਾਨਸਿਕ ਰੋਗਾਂ ਦੀ ਬਹੁਤਾਤ ਆਮ ਗੱਲ ਹੈ, ਗੁਆਚੀਆਂ ਅਤੇ ਕਤਲ ਹੋਈਆਂ ਮੂਲਵਾਸੀ ਔਰਤਾਂ ਦੇ ਸਬੰਧ ਵਿੱਚ ਬਣੀ ਨੈਸ਼ਨਲ ਐਕਸ਼ਨ ਪਲਾਨ ਨੂੰ ਲਾਗੂ ਕਰਨਾ ਦੂਰ ਦੀ ਗੱਲ ਜਾਪਦੀ ਹੈ। ਬਹੁ ਗਿਣਤੀ ਮੂਲਵਾਸੀ ਕਮਿਉਨਿਟੀਆਂ ਵਿੱਚ ਸਾਫ਼ ਪਾਣੀ ਦੀ ਬੁਨਿਆਦੀ ਸਹੂਲਤ ਉਪਲਬਧ ਨਾ ਹੋਣਾ ਕੈਨੇਡਾ ਲਈ ਕੌਮੀ ਨਮੋਸ਼ੀ ਨਹੀਂ ਤਾਂ ਹੋਰ ਕੀ ਹੈ? ਅਜਿਹੇ ਮੁੱਦਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਲੋੜੀਂਦਾ ਧਨ ਅਤੇ ਸਰਕਾਰੀ ਇੱਛਾ ਸ਼ਕਤੀ ਦੇ ਸੁਮੇਲ ਦਾ ਹੋਣਾ ਲਾਜ਼ਮੀ ਹੈ। ਅਗਲੇ ਸਾਲ 30 ਸਤੰਬਰ ਨੂੰ ਕੈਨੇਡਾ ਭਰ ਵਿੱਚ ਦੂਜਾ Truth and Reconciliation ਦਿਵਸ ਮਨਾਇਆ ਜਾਵੇਗਾ। ਸਾਨੂੰ ਅੱਜ ਹੀ ਤਹਈਆ ਕਰਨਾ ਚਾਹੀਦਾ ਹੈ ਕਿ ਅਗਲੇ ਸਾਲ ਅਸੀਂ ਸਾਰੇ ਖੁਦ ਨੂੰ ਸੁਆਲ ਪੁੱਛਾਂਗੇ ਕਿ ਕੀ ਅਸੀਂ ਮੂਲਵਾਸੀਆਂ ਪ੍ਰਤੀ ਆਪਣੀ ਸੋਚ ਵਿੱਚ ਕੋਈ ਤਬਦੀਲੀ ਪੈਦਾ ਕੀਤੀ ਹੈ ਅਤੇ ਕੀ ਸਰਕਾਰ ਨੇ ਉਹਨਾਂ ਦੀ ਸਥਿਤੀ ਨੂੰ ਸੁਧਾਰਨ ਲਈ ਕੁੱਝ ਕੀਤਾ ਜਾਂ ਨਹੀਂ।

## ਅਦਾਲਤ ਨੇ ਸੁਮੇਧ ਸਿੰਘ ਸੈਣੀ ਦੀ ਵਿਵਾਦਤ ਕੋਠੀ ਦੇ ਕਿਰਾਏ ਬਾਰੇ ਰਿਪੋਰਟ ਮੰਗੀ



ਐਸ ਏ ਐਸ ਨਗਰ (ਮੋਹਾਲੀ), 30 ਸਤੰਬਰ (ਪੋਸਟ ਬਿਊਰੋ)- ਮੋਹਾਲੀ ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਪੁਲਸ ਦੇ ਸਾਬਕਾ ਮੁਖੀ (ਡੀ ਜੀ ਪੀ) ਸੁਮੇਧ ਸੈਣੀ ਦੀ ਚੰਡੀਗੜ੍ਹ ਦੇ ਸੈਕਟਰ 20 ਵਾਲੀ ਵਿਵਾਦਤ ਕੋਠੀ ਦੇ ਕਿਰਾਏ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਰਿਪੋਰਟ ਤਲਬ ਕਰ ਲਈ ਹੈ, ਜਿਸ ਨਾਲ ਮਾਮਲਾ ਗੰਭੀਰ ਹੋ ਸਕਦਾ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ ਸੁਮੇਧ ਸਿੰਘ ਸੈਣੀ ਦੇ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਅਪਰਾਧਕ ਕੇਸ ਦਰਜ ਕੀਤਾ ਸੀ। ਇਸ ਦੇ ਨਾਲ ਕਾਲੋਨੀ ਬਣਾਉਣ ਲਈ ਖਰੀਦੀ ਜ਼ਮੀਨ ਦੀ ਸਰਕਾਰੀ ਫੀਸ ਜਮ੍ਹਾਂ ਕਰਵਾਉਣ ਵਿੱਚ ਕੀਤੀ ਘਪਲੇਬਾਜ਼ੀ ਪਿੱਛੋਂ ਉਸ ਦੀ ਚੰਡੀਗੜ੍ਹ ਦੇ ਸੈਕਟਰ 20 ਦੀ ਆਲੀਸ਼ਾਨ ਕੋਠੀ ਅਟੈਚ ਕਰਨ ਦੀ ਮੰਗ ਕੀਤੀ ਗਈ ਸੀ। ਇਸ ਸਮੇਂ ਸਾਬਕਾ ਡੀ ਜੀ ਪੀ ਆਪਣੇ ਪਰਵਾਰ ਨਾਲ ਇਸੇ ਕੋਠੀ ਵਿੱਚ ਰਹਿ ਰਹੇ ਹਨ। ਕੁਝ ਸਮਾਂ ਪਹਿਲਾਂ ਅਦਾਲਤ ਨੇ ਇਸ ਕੋਠੀ ਦੀ ਕੁਰਕੀ ਦੇ ਹੁਕਮ ਜਾਰੀ ਕੀਤੇ ਸੀ।

ਕੱਲ੍ਹ ਮੋਹਾਲੀ ਦੇ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਪੀ ਐਸ ਗਰੇਵਾਲ ਦੀ ਅਦਾਲਤ ਨੇ ਮੋਹਾਲੀ ਦੇ ਡਿਪਟੀ ਕਮਿਸ਼ਨਰ ਨੂੰ ਸੰਮਨ ਜਾਰੀ ਕਰਕੇ ਪੁਛਿਆਹੈਕਿ ਸੈਣੀ ਦੀ ਇਸ ਕੋਠੀ ਦੇ ਕਿਰਾਏ ਦੀ ਰਕਮ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਜਾ ਰਹੀ ਹੈ ਜਾਂ ਨਹੀਂ। ਇਸ ਬਾਰੇ ਅਦਾਲਤ 'ਚ 22 ਅਕਤੂਬਰ ਤਕ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।ਉਂਝ ਇਸ ਮਾਮਲੇ ਵਿੱਚ ਅਜੇ ਤਕ ਸੈਣੀ ਧਿਰ ਨਹੀਂ ਬਣਿਆ ਅਤੇ ਨਾ ਸੁਣਵਾਈ ਮੌਕੇ ਕੱਲ੍ਹ ਦੂਜੀ ਧਿਰ ਪੇਸ਼ ਹੋਈ ਹੈ, ਸਿਰਫ ਉਨ੍ਹਾਂ ਦੇ ਵਕੀਲਾਂ ਨੇ ਪੇਸ਼ ਹੋ ਕੇ ਕੁਝ ਦਿਨਾਂ ਦੀ ਮੋਹਲਤ ਮੰਗੀ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*.
Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਤਿੰਨ ਸਾਲ ਚੀਨ ਵਿੱਚ ਨਜ਼ਰਬੰਦ ਰਹਿਣ ਤੋਂ ਬਾਅਦ ਦੋਵੇਂ ਮਾਈਕਲ ਕੈਨੇਡਾ ਪਹੁੰਚੇ



ਓਟਵਾ, 30 ਸਤੰਬਰ (ਪੋਸਟ ਬਿਊਰੋ) : ਬੀਤੇ ਦਿਨੀਂ 1,000 ਦਿਨਾਂ ਤੋਂ ਵੀ ਵੱਧ ਸਮੇਂ ਤੋਂ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਜ਼ ਆਖਿਰਕਾਰ ਸ਼ਨਿੱਚਰਵਾਰ ਨੂੰ ਸਹੀ ਸਲਾਮਤ ਕੈਨੇਡਾ ਪਹੁੰਚ ਗਏ।

10 ਦਸੰਬਰ, 2018 ਤੋਂ ਜਾਸੂਸੀ ਦੇ ਦੋਸ਼ਾਂ ਹੇਠ ਚੀਨ ਵਿੱਚ ਨਜ਼ਰਬੰਦ ਮਾਈਕਲ ਸਪੇਵਰ ਤੇ ਮਾਈਕਲ ਕੋਵਰਿਗ ਸ਼ਨਿੱਚਰਵਾਰ ਨੂੰ ਕੈਲਗਰੀ ਇੰਟਰਨੈਸ਼ਨਲ ਏਅਰਪੋਰਟ ਪਹੁੰਚੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦੋਵਾਂ ਮਾਈਕਲਜ਼ ਦੇ ਨਾਲ ਨਾਲ ਕਈ ਹੋਰਨਾਂ ਕੈਨੇਡੀਅਨਾਂ ਦਾ ਸਵਾਗਤ ਗਲੇ ਮਿਲ ਕੇ ਕੀਤਾ ਗਿਆ। ਇਸ ਸਬੰਧ ਵਿੱਚ ਸਾਹਮਣੇ ਆਈ ਫੁਟੇਜ ਵਿੱਚ ਸਾਰਿਆਂ ਦੇ ਮਾਸਕ ਪਾਏ ਨਜ਼ਰ ਆ ਰਹੇ ਹਨ।

ਪ੍ਰਧਾਨ ਮੰਤਰੀ ਆਫਿਸ ਦੇ ਬੁਲਾਰੇ ਨੇ ਦੱਸਿਆ ਕਿ ਦੋਵੇਂ ਮਾਈਕਲ ਕਾਫੀ ਭਾਵੁਕ ਸਨ ਤੇ ਉਨ੍ਹਾਂ ਵੱਲੋਂ ਕਿਸੇ ਦੇ ਵੀ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਗਏ।ਬਾਅਦ ਵਿੱਚ ਮਾਈਕਲ ਕੋਵਰਿਗ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਪਹੁੰਚਿਆ ਤੇ ਉਸ ਦਾ ਸਵਾਗਤ ਉਸ ਦੀ ਭੈਣ ਤੇ ਪਤਨੀ ਵੱਲੋਂ ਕੀਤਾ ਗਿਆ। ਉਹ ਕਾਫੀ ਖੁਸ਼ ਨਜ਼ਰ ਆ ਰਿਹਾ ਸੀ। ਕੋਵਰਿਗ ਨੇ ਇੱਥੇ ਮੀਡੀਆ ਨਾਲ ਥੋੜ੍ਹੀ ਜਿਹੀ ਗੱਲਬਾਤ ਕੀਤੀ ਜਿੱਥੇ ਉਸ ਨੇ ਸਾਰਿਆਂ ਦਾ ਸ਼ੁਕਰੀਆ ਅਦਾ ਕੀਤਾ।

ਇਸ ਦੌਰਾਨ ਸ਼ਨਿੱਚਰਵਾਰ ਨੂੰ ਕੀਤੇ ਇੱਕ ਟਵੀਟ ਵਿੱਚ ਟਰੂਡੋ ਨੇ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਦਾ ਸਵਾਗਤ ਕੀਤਾ। ਉਨ੍ਹਾਂ ਆਖਿਆ ਕਿ ਦੋਵਾਂ ਮਾਈਕਲਜ਼ ਨੇ ਕਮਾਲ ਦੀ ਹਿੰਮਤ,ਹਲੀਮੀ ਤੇ ਦ੍ਰਿੜਤਾ ਦਾ ਮੁਜ਼ਾਹਰਾ ਕੀਤਾ। ਉਨ੍ਹਾਂ ਆਖਿਆ ਕਿ ਤੁਹਾਨੂੰ ਇਹ ਪਤਾ ਸੀ ਕਿ ਇਹ ਦੋਵੇਂ ਜਾਣਦੇ ਸਨ ਕਿ ਦੇਸ਼ ਵਿੱਚ ਬੈਠੇ ਕੈਨੇਡੀਅਨਜ਼ ਉਨ੍ਹਾਂ ਦੀ ਰਿਹਾਈ ਲਈ ਕੰਮ ਕਰਦੇ ਰਹਿਣਗੇ।ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਐਨਡੀਪੀ ਆਗੂ ਜਗਮੀਤ ਸਿੰਘ ਦੇ ਨਾਲ ਨਾਲ ਦੋਵਾਂ ਮਾਈਕਲਜ਼ ਨੂੰ ਜਾਨਣ ਵਾਲੇ ਕੈਨੇਡੀਅਨਜ਼ ਵੱਲੋਂ ਉਨ੍ਹਾਂ ਦੀ ਰਿਹਾਈ ਉੱਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।

ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਅਮਰੀਕਾ ਵਿੱਚ ਕੈਨੇਡਾ ਦੇ ਅੰਬੈਸਡਰ ਨੇ ਦੱਸਿਆ ਕਿ ਚੀਨ ਦੀ ਸਰਕਾਰ ਨੇ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਛੱਡਣ ਲਈ ਗੱਲਬਾਤ ਸ਼ੁਰੂ ਕਰ ਦਿੱਤੀ ਹੈ।

ਇੱਕ ਇੰਟਰਵਿਊ ਦੌਰਾਨ ਅੰਬੈਸਡਰ ਕਰਸਟਨ ਹਿੱਲਮੈਨ ਨੇ ਆਖਿਆ ਕਿ ਹੁਆਵੇ ਦੀ ਐਗਜ਼ੈਕਟਿਵ ਮੈਂਗ ਵੈਨਜ਼ੋਊ ਦੇ ਕੇਸ ਵਿੱਚ ਅਮਰੀਕੀ ਵਿਭਾਗ ਵੱਲੋਂ ਨਿਆਂਇਕ ਗੱਲਬਾਤ ਸ਼ੁਰੂ ਕੀਤੇ ਜਾਣ ਤੋਂ ਬਾਅਦ ਇਸ ਮਸਲੇ ਦਾ ਕੋਈ ਹੱਲ ਨਿਕਲਦਿਆਂ ਵੇਖ ਕੇ ਚੀਨ ਨੇ ਵੀ ਨਜ਼ਰਬੰਦ ਕੀਤੇ ਦੋ ਕੈਨੇਡੀਅਨਜ਼ ਨੂੰ ਛੱਡਣ ਸਬੰਧੀ ਪੈ ਰਹੇ ਦਬਾਅ ਅੱਗੇ ਝੁਕਣਾ ਸ਼ੁਰੂ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੋਵਰਿਗ ਤੇ ਸਪੇਵਰ ਨੂੰ 10 ਦਸੰਬਰ, 2018 ਤੋਂ ਜਾਸੂਸੀ ਕਰਨ ਦੇ ਦੋਸ਼ ਵਿੱਚ ਚੀਨ ਨੇ ਨਜ਼ਰਬੰਦ ਕਰਕੇ ਰੱਖਿਆ ਹੋਇਆ ਹੈ।

ਬ੍ਰਿਟਿਸ਼ ਕੋਲੰਬੀਆ ਦੀ ਅਦਾਲਤ ਵੱਲੋਂ ਮੈਂਗ ਦੀ ਹਵਾਲਗੀ ਸਬੰਧੀ ਮਾਮਲੇ ਨੂੰ ਛੱਡਣ ਤੋਂ ਇੱਕ ਦਿਨ ਬਾਅਦ ਹੀ ਚੀਨ ਨੇ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਛੱਡਣ ਲਈ ਗੱਲਬਾਤ ਸ਼ੁਰੂ ਕਰ ਦਿੱਤੀ। ਇਨ੍ਹਾਂ ਦੋਵਾਂ ਕੈਨੇਡੀਅਨਜ਼ ਨੂੰ ਨਜ਼ਰਬੰਦ ਕੀਤੇ ਜਾਣ ਦੇ ਮਾਮਲੇ ਨੂੰ ਚੀਨ ਦੀ ਟੈਲੀਕੌਮ ਜਾਇੰਟ ਸੀਐਫਓ ਦੀ ਗ੍ਰਿਫਤਾਰੀ ਨਾਲ ਜੋੜ ਕੇ ਵੇਖਿਆ ਗਿਆ। ਪਰ ਚੀਨ ਵੱਲੋਂ ਲਗਾਤਾਰ ਇਸ ਗੱਲ ਤੋਂ ਇਨਕਾਰ ਕੀਤਾ ਜਾਂਦਾ ਰਿਹਾ ਕਿ ਇਹ ਦੋਵੇਂ ਮਾਮਲੇ ਆਪਸ ਵਿੱਚ ਕਿਸੇ ਤਰ੍ਹਾਂ ਜੁੜੇ ਹੋਏ ਹਨ।

ਹਿੱਲਮੈਨ ਨੇ ਆਖਿਆ ਕਿ ਅਮਰੀਕਾ ਨੇ ਅਜਿਹੀ ਕੋਈ ਸ਼ਰਤ ਨਹੀਂ ਸੀ ਰੱਖੀ ਕਿ ਦੋਵੇਂ ਮਾਈਕਲਜ਼ ਨੂੰ ਛੱਡਣ ਤੋਂ ਬਾਅਦ ਹੀ ਮੈਂਗ ਖਿਲਾਫ ਲੱਗੇ ਦੋਸ਼ਾਂ ਨੂੰ ਹਟਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਵੱਖਰੀ ਤੇ ਆਜ਼ਾਦਾਨਾ ਪ੍ਰਕਿਰਿਆ ਸੀ।

## 'ਐੱਨਲਾਈਟ ਕਿੱਡਜ਼' ਦੀ 3 ਅਕਤੂਬਰ ਨੂੰ ਹੋਣ ਵਾਲੀ ਚੌਥੀ ਸਲਾਨਾ ਰੱਨ ਫ਼ਾਰ ਐਜੁਕੇਸ਼ਨ ਲਈ ਦੌੜਾਕਾਂ ਵਿਚ ਭਾਰੀ ਉਤਸ਼ਾਹ



ਬਰੈਂਪਟਨ, (ਡਾ. ਝੰਡ) - 'ਐੱਨਲਾਈਟ ਕਿੱਡਜ਼' ਸੰਸਥਾ ਵੱਲੋਂ ਪਿਛਲੇ ਤਿੰਨ ਸਾਲਾਂ ਤੋਂ ਸਫ਼ਲਤਾ ਪੂਰਵਕ ਕਰਵਾਏ ਜਾ ਰਹੇ ਸਲਾਨਾ ਰੱਨ ਫ਼ਾਰ ਐਜੁਕੇਸ਼ਨ ਦਾ ਚੌਥਾ ਸਲਾਨਾ ਈਵੈਂਟ 3 ਅਕਤੂਬਰ ਦਿਨ ਐਤਵਾਰ ਨੂੰ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਦੇ ਟੈਰੀ ਫ਼ੌਕਸ ਟਰੈਕ ਐਂਡ ਫੀਲਡ ਸਟੇਡੀਅਮ ਵਿਖੇ ਸਵੇਰੇ 9.00 ਵਜੇ ਕਰਵਾਇਆ ਜਾ ਰਿਹਾ ਹੈ। ਇਸ ਦੇ ਲਈ ਲੋਕਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਉਹ ਆਪਣੇ ਨਾਂਵਾਂ ਦੀ ਰਜਿਸਟ੍ਰੇਸ਼ਨ ਐੱਨਲਾਈਟ ਕਿੱਡਜ਼ ਦੀ ਵੈੱਬਸਾਈਟ ੋਾਇਨਲਗਿਹਟਕਦਿਸ।ਚਅ 'ਤੇ ਜਾ ਕੇ ਜਾਂ ਫ਼ੋਨ ਰਾਹੀਂ ਕਰਵਾ ਰਹੇ ਹਨ। ਹੁਣ ਤੀਕ 100 ਤੋਂ ਵਧੀਕ ਦੌੜਾਕਾਂ ਤੇ ਵਾੱਕਰਾਂ ਦੀ ਰਜਿਸਟ੍ਰੇਸ਼ਨ ਹੋ ਚੁੱਕੀ ਹੈ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਦੇ ਲਈ ਰਜਿਸਟ੍ਰੇਸ਼ਨ ਫ਼ੀਸ ਕੇਵਲ 20 ਡਾਲਰ ਰੱਖੀ ਗਈ ਹੈ ਅਤੇ ਉਹ ਵੀ ਇਸ ਸੰਸਥਾ ਨੂੰ ਡੋਨੇਸ਼ਨ ਦੇ ਰੂਪ ਵਿਚ ਜਾਂਦੀ ਹੈ ਜਿਸ ਨਾਲ ਲੋੜਵੰਦ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਵਿਚ ਸਹਾਇਤਾ ਕੀਤੀ ਜਾਂਦੀ ਹੈ। ਇਸ ਸਾਲ ਤੋਂ ਪ੍ਰਬੰਧਕਾਂ ਵੱਲੋਂ ਇਸ ਰਕਮ ਨਾਲ ਇੰਡੀਜੀਨੀਅਸ ਵਿਦਿਆਰਥੀਆਂ ਲਈ ਸਕਾਲਰਸ਼ਿਪ ਆਰੰਭ ਕਰਨ ਦਾ ਵੀ ਪ੍ਰੋਗਰਾਮ ਬਣਾਇਆ ਜਾ ਰਿਹਾ ਹੈ।

**100 ਤੋਂ ਵੱਧ ਕਰਵਾ ਚੁੱਕੇ ਹਨ ਇਸ ਦੇ ਲਈ ਆਪਣੀ ਰਜਿਸਟ੍ਰੇਸ਼ਨ**

ਇਸ ਈਵੈਂਟ ਲਈ ਰਜਿਸਟ੍ਰੇਸ਼ਨ ਦੇ ਬਾਰੇ ਹੋਰ ਗੱਲਬਾਤ ਕਰਦਿਆਂ ਇਸ ਸੰਸਥਾਂ ਦੇ ਮੁੱਖ-ਪ੍ਰਬੰਧਕ ਨਰਿੰਦਰ ਪਾਲ ਬੈਂਸ ਨੇ ਦੱਸਿਆ ਕਿ ਇਹ ਉਸ ਦਿਨ 3 ਅਕਤੂਬਰ ਨੂੰ ਮੌਕੇ 'ਤੇ ਵੀ ਕਰਵਾਈ ਜਾ ਸਕਦੀ ਹੈ ਅਤੇ ਜਿਹੜੇ ਇਹ ਰਜਿਸਟ੍ਰੇਸ਼ਨ ਨਹੀਂ ਕਰਵਾਉਣਾ ਚਾਹੁੰਦੇ, ਉਹ ਵੀ ਇਸ ਦੌੜ-ਵਾੱਕ ਵਿਚ ਸ਼ਾਮਲ ਹੋ ਸਕਦੇ ਹਨ ਜਾਂ ਇਸ ਮੌਕੇ ਦੌੜਾਕਾਂ ਦੀ ਹੌਸਲਾ-ਅਫ਼ਜ਼ਾਈ ਲਈ ਆ ਸਕਦੇ ਹਨ। ਉਨ੍ਹਾਂ ਹੋਰ ਕਿਹਾ ਕਿ ਇਹ ਈਵੈਂਟ ਇੰਡੀਜੀਨੀਅਸ ਐਜੂਕੇਸ਼ਨ ਨੂੰ ਸਮੱਰਪਿਤ ਚੈਰਿਟੀ ਆਰਗੇਨਾਈਜ਼ੇਸ਼ਨ 'ਇੰਡਸਪਾਇਰ', ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਅਤੇ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀਪੀਏਆਰ ਕਲੱਬ) ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਦੌੜ ਅਤੇ ਵਾੱਕ ਦਾ ਇਹ ਈਵੈਂਟ 'ਹਾਈਬਰਿੱਡ' ਕਿਸਮ ਦਾ ਹੋਵੇਗਾ, ਭਾਵ ਇਸ ਵਿਚ ਨਿੱਜੀ ਅਤੇ ਵਰਚੂਅਲ ਦੋਵੇਂ ਤਰ੍ਹਾਂ ਹੀ ਸ਼ਮੂਲੀਅਤ ਕੀਤੀ ਜਾ ਸਕਦੀ ਹੈ।

ਇਸ ਦੇ ਨਾਲ ਹੀ ਨਿੱਜੀ ਤੌਰ 'ਤੇ ਸ਼ਾਮਲ ਹੋਣ ਵਾਲੇ ਦੌੜਾਕਾਂ ਅਤੇ ਵਾੱਕਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹਰ ਹਾਲਤ ਵਿਚ ਸਵੇਰੇ ਪੌਣੇ ਨੌਂ ਵਜੇ ਚਿੰਗੁਆਕੂਜ਼ੀ ਪਾਰਕ ਦੇ ਟੈਰੀ ਫ਼ੌਕਸ ਟਰੈਕ ਐਂਡ ਫ਼ੀਲਡ ਸਟੇਡੀਅਮ ਵਿਚ ਪਹੁੰਚਣ ਦੀ ਖੇਚਲ਼ ਕਰਨ ਤਾਂ ਜੋ ਇਸ ਅਹਿਮ ਈਵੈਂਟ ਨੂੰ ਸਮੇਂ ਸਿਰ ਆਰੰਭ ਕਰਵਾਇਆ ਜਾ ਸਕੇ। ਇਸ ਈਵੈਂਟ ਵਿਚ ਸ਼ਿਰਕਤ ਕਰਨ ਵਾਲਿਆਂ ਲਈ ਰਿਫਰੈੱਸ਼ਮੈਂਟ ਦਾ ਵਧੀਆ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਈਵੈਂਟ ਵਿਚ ਵਰਚੂਅਲ ਰੂਪ ਵਿਚ ਹਿੱਸਾ ਲੈਣ ਵਾਲੇ ਆਪਣੀ ਸਹੂਲਤ ਅਨੁਸਾਰ ਆਪਣੇ ਨੇੜੇ ਦੇ ਪਾਰਕ, ਵਾੱਕ-ਵੇਅ ਜਾਂ ਕਿਸੇ ਸਟੇਡੀਅਮ ਵਿਚ ਦੌੜ ਕੇ ਜਾਂ ਪੈਦਲ ਚੱਲ ਕੇ ਆਪਣੀ ਸ਼ਮੂਲੀਅਤ ਕਰ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਆਮ ਲੋਕਾਂ ਨੂੰ ਪੁਰਾਣੇ ਕੰਪਿਊਟਰ ਅਤੇ ਲੈਪਟਾਪ ਜੋ ਹੁਣ ਉਨ੍ਹਾਂ ਵੱਲੋਂ ਵਰਤੋਂ ਵਿਚ ਨਹੀਂ ਲਿਆਂਦੇ ਜਾ ਰਹੇ, ਉਹ ਐੱਨਲਾਈਟ ਕਿੱਡਜ਼ ਸੰਸਥਾ ਨੂੰ ਦਾਨ ਕਰਨ ਦੀ ਬੇਨਤੀ ਕੀਤੀ ਤਾਂ ਜੋ ਇਹ ਲੋੜਵੰਦ ਵਿਦਿਆਰਥੀਆਂ ਨੂੰ ਦਿੱਤੇ ਜਾ ਸਕਣ। ਇਸ ਨਾਲ ਇਲੈੱਕਟ੍ਰਾਨਿਕ ਯੰਤਰਾਂ ਦੀ ਹੋਣ ਵਾਲੀ 'ਈ-ਵੇਸਟ' ਨੂੰ ਘਟਾਉਣ ਵਿਚ ਵੀ ਮਦਦ ਮਿਲੇਗੀ।

ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਜਾਂ ਇਸ ਈਵੈਂਟ ਵਿਚ ਰਜਿਸਟ੍ਰੇਸ਼ਨ ਕਰਵਾਉਣ ਵਿਚ ਆ ਰਹੀ ਕਿਸੇ ਦਿੱਕਤ ਸਬੰਧੀ ਐੱਨਲਾਈਟ ਕਿੱਡਜ਼ ਸੰਸਥਾ ਦੇ ਮੁੱਖ-ਪ੍ਰਬੰਧਕ ਨਰਿੰਦਰ ਪਾਲ ਬੈਂਸ ਨੂੰ 647-893-3656 ਜਾਂ ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੂੰ 416-275-9337 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਰਿਵਾਰ ਨੂੰ ਛੁੱਟੀ ਮਨਾਉਣ ਲਈ ਟੋਫੀਨੋ ਲਿਜਾਣ 'ਤੇ ਟਰੂਡੋ ਦੀ ਕੀਤੀ ਗਈ ਨੁਕਤਾਚੀਨੀ

...ਪੰਨਾ 1 ਦਾ ਬਾਕੀ

ਟਵਿੱਟਰ ਦੀ ਵਰਤੋਂ ਕਰਨ ਵਾਲੇ ਕਈ ਯੂਜ਼ਰਜ਼ ਨੇ ਇਸ ਉੱਤੇ ਆਪਣਾ ਗੁੱਸਾ ਪ੍ਰਗਟਾਇਆ।ਕਈਆਂ ਨੇ ਆਖਿਆ ਕਿ ਟਰੂਡੋ ਕਹਿੰਦੇ ਕੁੱਝ ਹਨ ਤੇ ਕਰਦੇ ਕੁੱਝ ਹੋਰ ਹਨ। ਇੱਕ ਯੂਜ਼ਰ ਨੇ ਆਖਿਆ ਕਿ ਇਸ ਗੱਲ ਉੱਤੇ ਯਕੀਨ ਹੀ ਨਹੀਂ ਹੁੰਦਾ ਕਿ ਪ੍ਰਧਾਨ ਮੰਤਰੀ ਵੱਲੋਂ ਅਜਿਹੇ ਸਮੇਂ ਵਿੱਚ ਪਰਿਵਾਰ ਨਾਲ ਛੁੱਟੀਆਂ ਮਨਾਈਆਂ ਜਾ ਰਹੀਆਂ ਹਨ। ਟਰੂਡੋ ਦੇ ਆਫਿਸ ਨੇ ਇਹ ਵੀ ਆਖਿਆ ਕਿ ਉਹ ਵੀਰਵਾਰ ਨੂੰ ਦੇਸ਼ ਭਰ ਦੇ ਰੈਜ਼ੀਡੈਂਸ਼ੀਅਲ ਸਕੂਲ ਸਰਵਾਈਵਰਜ਼ ਨਾਲ ਗੱਲਬਾਤ ਕਰਨਗੇ।

ਯੂਨੀਅਨ ਆਫ ਬੀਸੀ ਇੰਡੀਅਨ ਚੀਫਜ਼ ਦੇ ਪ੍ਰੈਜ਼ੀਡੈਂਟ ਗ੍ਰੈਂਡ ਚੀਫ ਸਟੀਵਾਰਟ ਫਿਲਿਪ ਨੇ ਇੱਕ ਟਵੀਟ ਵਿੱਚ ਆਖਿਆ ਕਿ ਕੈਮਲੂਪਜ਼ ਤੇ ਸੈਕਵੇਪੈਮਕ ਵੱਲੋਂ ਦਿੱਤੇ ਸੱਦੇ ਨੂੰ ਨਾ ਮੰਨ ਕੇ ਟਰੂਡੋ ਨੇ ਸਾਰੇ ਆਈਆਰਐਸ ਦੇ ਮੂੰਹ ਉੱਤੇ ਚਪੇੜ ਮਾਰੀ ਹੈ। ਖਾਸਤੌਰ ਉੱਤੇ ਉਨ੍ਹਾਂ ਪਰਿਵਾਰਾਂ ਦੇ ਜਿਨ੍ਹਾਂ ਦੇ ਬੱਚੇ ਕਦੇ ਘਰੇ ਹੀ ਨਹੀਂ ਮੁੜੇ। ਉਨ੍ਹਾਂ ਆਖਿਆ ਕਿ ਜੇ ਇਹੋ ਈਵੈਂਟ ਚੋਣਾਂ ਤੋਂ ਪਹਿਲਾਂ ਹੋਇਆ ਹੁੰਦਾ ਤਾਂ ਟਰੂਡੋ ਨੇ ਉਨ੍ਹਾਂ ਅੱਗੇ ਗੋਡੇ ਟੇਕੇ ਹੋਣੇ ਸਨ।

## ਪਹਿਲੀ ਅਕਤੂਬਰ ਤੋਂ ਓਨਟਾਰੀਓ ਦੀਆਂ ਘੱਟ ਤੋਂ ਘੱਟ ਉਜਰਤਾਂ ਵਿੱਚ ਹੋਵੇਗਾ ਵਾਧਾ

...ਪੰਨਾ 1 ਦਾ ਬਾਕੀ

ਸ਼ਿਕਾਰ ਕਰਨ, ਫਿਸ਼ਿੰਗ ਤੇ ਜੰਗਲ ਗਾਈਡਜ਼ ਲਈ ਵੇਜਿਜ਼ ਵਿੱਚ ਇੱਕ ਘੰਟੇ ਪਿੱਛੇ 25 ਸੈਂਟ ਦਾ ਵਾਧਾ ਹੋਵੇਗਾ। ਉਨ੍ਹਾਂ ਦੇ ਘੰਟੇ ਦੇ ਵੇਜਿਜ਼ 71.75 ਡਾਲਰ ਹੋ ਜਾਣਗੇ। ਘਰ ਵਿੱਚ ਰਹਿ ਕੇ ਸਰਕਾਰੀ ਕੰਮ ਕਰਨ ਵਾਲੇ ਵਰਕਰਜ਼ ਲਈ ਵੀ ਉਜਰਤਾਂ ਵਿੱਚ ਦਸ ਸੈਂਟ ਦਾ ਵਾਧਾ ਕੀਤਾ ਜਾਵੇਗਾ। ਉਨ੍ਹਾਂ ਦੇ ਵੇਜਿਜ਼ ਘੰਟੇ ਪਿੱਛੇ 15.80 ਡਾਲਰ ਹੋ ਜਾਣਗੇ। ਸਰਕਾਰ ਦਾ ਕਹਿਣਾ ਹੈ ਕਿ ਕਿਸੇ ਵੀ ਉਮਰ ਵਰਗ ਦੇ ਵਿਦਿਆਰਥੀ (ਜਿਨ੍ਹਾਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਸ਼ਾਮਲ ਹਨ) ਜਿਹੜੇ ਹੋਮਵਰਕਰਜ਼ ਵਜੋਂ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਵਿਦਿਆਰਥੀਆਂ ਵਜੋਂ ਨਹੀਂ ਹੋਮਵਰਕਰਜ਼ ਵਜੋਂ ਪੈਸੇ ਦਿੱਤੇ ਜਾਣਗੇ।

## ਕੇਸਗੜ੍ਹ ਸਾਹਿਬ ਬੇਅਦਬੀ ਮਾਮਲਾ : ਸ਼੍ਰੋਮਣੀ ਕਮੇਟੀ ਦੇ ਦੋ ਮੈਂਬਰਾਂ ਦੇ ਬਾਈਕਾਟ ਦੇ ਐਲਾਨ ਨਾਲ ਕੇਸਗੜ੍ਹ ਸਾਹਿਬ ਮੂਹਰੇ ਲੱਗਾ ਮੋਰਚਾ ਸਮਾਪਤ

ਸ੍ਰੀ ਅਨੰਦਪੁਰ ਸਾਹਿਬ, 30 ਸਤੰਬਰ (ਪੋਸਟ ਬਿਊਰੋ)- ਬੀਤੀ 13 ਸਤੰਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈ ਬੇਅਦਬੀ ਘਟਨਾ ਪਿੱਛੋਂ ਇੱਥੇ ਸਿੱਖ ਸੰਗਤਾਂ ਵੱਲੋਂ ਪਿਛਲੇ 16 ਦਿਨਾਂ ਤੋਂ ਚੱਲ ਰਿਹਾ ਮੋਰਚਾ ਕੱਲ੍ਹ ਹਲਕੇ ਦੇ ਦੋਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਬਾਈਕਾਟ ਦੇ ਐਲਾਨ ਨਾਲ ਸਮਾਪਤ ਹੋ ਗਿਆ ਹੈ।

ਇਸ ਤੋਂ ਪਹਿਲਾਂ ਕੱਲ੍ਹ ਕਿਰਤੀ ਸਿੱਖ ਸੰਘਰਸ਼ ਕਮੇਟੀ ਨੇ ਤਖ਼ਤ ਕੇਸਗੜ੍ਹ ਸਾਹਿਬ ਦੇ ਨਵੇਂ ਆਏ ਮੁੱਖ ਗ੍ਰੰਥੀ ਅਤੇ ਮੈਨੇਜਰ ਨਾਲ ਮੁਲਾਕਾਤ ਕੀਤੀ। ਬੇਅਦਬੀ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਕਾਰਵਾਈ ਉੱਤੇ ਦੋਵਾਂ ਧਿਰਾਂ ਦੀ ਸਹਿਮਤੀ ਬਣਨ ਤੋਂ ਬਾਅਦ ਮੋਰਚੇ ਦੀ ਸਮਾਪਤੀ ਲਈ ਤਖ਼ਤ ਸਾਹਿਬ ਵਿਖੇ ਸਮੂਹ ਸੰਗਤ ਨਾਲ ਜਾ ਕੇ ਹੈਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਨੇ ਅਰਦਾਸ ਕੀਤੀ।ਇਸ ਤੋਂ ਬਾਅਦ ਕਿਰਤੀ ਸਿੱਖ ਸੰਘਰਸ਼ ਕਮੇਟੀ ਦੇ ਆਗੂ ਅਮਨਦੀਪ ਸਿੰਘ ਅਬਿਆਣਾ ਅਤੇ ਹੋਰਨਾਂ ਨੇ ਸੰਗਤ ਸਾਹਮਣੇ ਦੱਸਿਆ ਕਿ ਬੇਅਦਬੀ ਲਈ ਪ੍ਰਬੰਧਾਂ ਵਿੱਚ ਕੁਤਾਹੀ ਦੇ ਜ਼ਿੰਮੇਵਾਰ ਹੈਡ ਗ੍ਰੰਥੀ ਗਿਆਨੀ ਫੂਲਾ ਸਿੰਘ ਤੇ ਮੈਨੇਜਰ ਮਲਕੀਤ ਸਿੰਘ ਦੇ ਖ਼ਿਲਾਫ਼ ਸੰਘਰਸ਼ ਕਮੇਟੀ ਦੀ ਮੰਗ ਉੱਤੇ ਸ਼੍ਰੋਮਣੀ ਕਮੇਟੀ ਨੇ ਦੋਵਾਂ ਨੂੰ ਇੱਥੋਂ ਬਦਲ ਕੇ ਦੂਜੇ ਗੁਰਦੁਆਰਿਆਂ ਵਿੱਚ ਇੱਕ-ਇੱਕ ਅਹੁਦਾ ਹੇਠਾਂ ਕਰ ਕੇ ਲਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇਸ ਦੇ ਨਾਲ ਉਨ੍ਹਾਂ ਦੇ ਸੁਝਾਅ ਉੱਤੇ ਤਖ਼ਤ ਸਾਹਿਬ ਵਿੱਚ ਸੁਰੱਖਿਆ ਲਈ ਸ਼ਸ਼ਤਰਧਾਰੀ ਸੇਵਾਦਾਰ ਤਾਇਨਾਤ ਕਰ ਦਿੱਤੇ ਹਨ ਤੇ ਅੰਮ੍ਰਿਤ ਵੇਲੇ ਪ੍ਰਕਾਸ਼ ਦੌਰਾਨ ਹੈਡ ਗ੍ਰੰਥੀ ਤੇ ਮੈਨੇਜਰ ਦੀ ਹਾਜ਼ਰੀ ਯਕੀਨੀ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੀ ਘਟਨਾ ਵਿੱਚ ਤਖ਼ਤ ਕੇਸਗੜ੍ਹ ਸਾਹਿਬ ਦੇ ਪ੍ਰਬੰਧਾਂ ਵਿੱਚ ਅਣਗਹਿਲੀ ਲਈ ਇਸ ਹਲਕੇ ਦੇ ਦੋ ਸ਼੍ਰੋਮਣੀ ਕਮੇਟੀ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ ਅਤੇ ਅਮਰਜੀਤ ਸਿੰਘ ਚਾਵਲਾ ਬਰਾਬਰ ਦੋਸ਼ੀ ਹਨ, ਕਿਉਂਕਿ ਉਹ ਗੁਰਦੁਆਰਿਆਂ ਦੇ ਪ੍ਰਬੰਧਾਂ ਦੀ ਨਿਗਰਾਨੀ ਰੱਖਣ ਲਈ ਵੋਟਾਂ ਨਾਲ ਚੁਣੇ ਜਾਂਦੇ ਹਨ। ਦੋਵਾਂ ਮੈਂਬਰਾਂ ਨੇ ਸਮੇਂ ਸਿਰ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ ਤੇ ਬੇਅਦਬੀ ਹੋਣ ਤੋਂ ਕਈ ਘੰਟੇ ਦੇਰੀ ਨਾਲ ਪਹੁੰਚੇ ਸਨ। ਉਨ੍ਹਾਂ ਐਲਾਨ ਕੀਤਾ ਕਿ ਦੋਵਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਪਿੰਡਾਂ ਵਿੱਚ ਜਾਣ ਉੱਤੇ ਵਿਰੋਧ ਕੀਤਾ ਜਾਵੇਗਾ ਤੇ ਸੰਗਤ ਇਨ੍ਹਾਂ ਦਾ ਬਾਈਕਾਟ ਕਰੇਗੀ। ਇਸਮੌਕੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸਿਹਤਯਾਬ ਹੋਣ ਪਿੱਛੋਂ ਗੁਰੂ ਪੰਥ ਕੋਲੋਂ ਖਿਮਾ ਯਾਚਨਾ ਕਰਨ ਨੂੰ ਕਿਹਾ ਗਿਆ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰ੍ਹਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਸ਼ਹੀਦ ਭਗਤ ਸਿੰਘ ਦੀ ਵਿਰਾਸਤ ਅਤੇ ਖੇਤੀ ਕਾਨੂੰਨ

-ਪਾਵੇਲ ਕੁੱਸਾ-

ਸ਼ਹੀਦ ਭਗਤ ਸਿੰਘ ਸਾਡੇ ਕੌਮੀ ਮੁਕਤੀ ਸੰਗਰਾਮ ਦਾ ਮਹਾਂਨਾਇਕ ਹੈ। ਉਹਦਾ ਜਨਮ ਦਿਹਾੜਾ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਲਈ ਤਿਉਹਾਰਾਂ ਵਰਗਾ ਸਥਾਨ ਹਾਸਲ ਕਰ ਰਿਹਾ ਹੈ। ਇਸ ਵਾਰ ਦਾ ਜਨਮ ਦਿਹਾੜਾ ਇਤਿਹਾਸਕ ਕਿਸਾਨ ਸੰਘਰਸ਼ ਦੌਰਾਨ ਆਇਆ ਹੈ ਜਦੋਂ ਪੰਜਾਬੀ ਕਿਸਾਨ ਹੋਰਨਾਂ ਸੂਬਿਆਂ ਦੇ ਕਿਸਾਨਾਂ ਨਾਲ ਰਲ ਕੇ ਦਿੱਲੀ ਦੇ ਬਾਰਡਰਾਂ ’ਤੇ ਡਟੇ ਹੋਏ ਹਨ। ਸ਼ਹੀਦ ਭਗਤ ਸਿੰਘ ਜਜ਼ਬੇ ਦੇ ਪੱਧਰ ’ਤੇ ਪੰਜਾਬ ਦੇ ਲੋਕਾਂ ਖ਼ਾਸਕਰ ਨੌਜਵਾਨਾਂ ਨੂੰ ਹੌਸਲਾ ਤੇ ਹਿੰਮਤ ਅਤੇ ਡਾਹਢੀ ਹਕੂਮਤ ਨਾਲ ਮੱਥਾ ਲਾਉਣ ਦੀ ਤਾਕਤ ਦਿੰਦਾ ਹੈ। ਸ਼ਹੀਦ ਭਗਤ ਸਿੰਘ ਦੇ ਚਿੰਤਨ ਨੂੰ ਜਾਣਨ ਸਮਝਣ ਵਾਲੇ ਇਹ ਕਹਿ ਸਕਦੇ ਹਨ ਕਿ ਇਸ ਸੰਘਰਸ਼ ਨੂੰ ਹੋਰ ਵਧੇਰੇ ਦ੍ਰਿੜ੍ਹ ਤੇ ਅਸਰਦਾਰ ਬਣਾਉਣ ਦਾ ਰਸਤਾ ਉਸ ਦੇ ਵਿਚਾਰਾਂ ’ਚ ਮੌਜੂਦ ਹੈ।

ਇਨ੍ਹਾਂ ਵਿਚਾਰਾਂ ਦਾ ਮੌਜੂਦਾ ਪ੍ਰਸੰਗ ਇਹ ਹੈ ਕਿ ਤਿੰਨ ਨਵੇਂ ਖੇਤੀ ਕਾਨੂੰਨ ਭਾਰਤੀ ਖੇਤੀ ’ਤੇ ਸਾਮਰਾਜੀ ਬਹੁਕੌਮੀ ਕੰਪਨੀਆਂ ਦੀ ਜਕੜ ਨੂੰ ਹੋਰ ਮਜ਼ਬੂਤ ਕਰਨ ਦੇ ਕਦਮ ਹਨ। ਇਹ ਸਾਮਰਾਜੀ ਗਲਬਾ ਖੇਤੀ ਖੇਤਰ ਦੇ ਨਾਲ ਨਾਲ ਦੇਸ਼ ਦੀ ਆਰਥਿਕਤਾ, ਰਾਜਨੀਤੀ, ਸੱਭਿਆਚਾਰ ਤੇ ਬੋਲੀ ਸਮੇਤ ਸਮੁੱਚੇ ਸਮਾਜਿਕ ਜੀਵਨ ਉੱਪਰ ਹਾਵੀ ਹੋ ਰਿਹਾ ਹੈ। ਸੰਨ ਸੰਤਾਲੀ ਮਗਰੋਂ ਵੀ ਦੇਸ਼ ਦੇ ਕਿਰਤੀ ਇਸ ਸਾਮਰਾਜੀ ਗਲਬੇ ਤੋਂ ਮੁਕਤੀ ਲਈ ਜੂਝਦੇ ਆ ਰਹੇ ਹਨ। ਸ਼ਹੀਦ ਭਗਤ ਸਿੰਘ ਨੇ ਲੋਕਾਂ ਨੂੰ ਸਾਮਰਾਜ ਦੇ ਮੂਲ ਸੁਭਾਅ ਦੀ ਪਛਾਣ ਕਰਾਉਣ ਦਾ ਯਤਨ ਕੀਤਾ ਸੀ। ਸਾਮਰਾਜਵਾਦ ਖ਼ਿਲਾਫ਼ ਜੂਝਣ ਲਈ ਇਹ ਪਹਿਚਾਣ ਅੱਜ ਹੋਰ ਵੀ ਜ਼ਿਆਦਾ ਜ਼ਰੂਰੀ ਹੈ। ਆਪਣੀ ਇੱਕ ਲਿਖਤ ਵਿੱਚ ਸ਼ਹੀਦ ਭਗਤ ਸਿੰਘ ਕਹਿੰਦਾ ਹੈ, ‘‘ਸਾਡਾ ਵਿਸ਼ਵਾਸ ਹੈ ਕਿ ਸਾਮਰਾਜਵਾਦ ਇਕ ਵੱਡੀ ਡਾਕੇ ਮਾਰਨ ਦੀ ਸਾਜ਼ਿਸ਼ ਤੋਂ ਬਗੈਰ ਹੋਰ ਕੁਝ ਨਹੀਂ। ਸਾਮਰ-ਾਜਵਾਦ ਮੁਨੱਖ ਦੇ ਹੱਥੋਂ ਮਨੁੱਖ ਦੀ ਅਤੇ ਕੌਮ ਹੱਥੋਂ ਕੌਮ ਦੀ ਲੁੱਟ ਦਾ ਸਿਖਰ ਹੈ। ਸਾਮਰਾਜਵਾਦੀ (ਵਿਦੇਸ਼ੀ ਰਾਜ ਠੋਸਣ ਵਾਲੇ) ਆਪਣੇ ਹਿੱਤਾਂ, ਤੇ ਲੁੱਟਣ ਦੀਆਂ ਸਕੀਮਾਂ ਨੂੰ ਪੂਰੇ ਕਰਨ ਲਈ ਨਾ ਸਿਰਫ਼ ਅਦਾਲਤੀ ਤੇ ਕਾਨੂੰਨੀ ਕਤਲ ਕਰਦੇ ਹਨ ਸਗੋਂ ਵੱਡੇ ਵੱਡੇ ਕਤਲੇਆਮ ਵੀ ਰਚਾਉਂਦੇ ਹਨ।’’

ਨਵੇਂ ਪ੍ਰਸੰਗ ’ਚ ਸਾਮਰਾਜੀ ਤਾਕਤਾਂ ਨੂੰ ਸਿੱਧੇ ਤੌਰ ’ਤੇ ਦੇਸ਼ ਅੰਦਰ ਆ ਕੇ ਬੈਠਣ ਦੀ ਜ਼ਰੂਰਤ ਨਹੀਂ ਰਹਿੰਦੀ। ਨਵੇਂ ਖੇਤੀ ਕਾਨੂੰਨ ਸਾਮਰਾਜ ਵੱਲੋਂ ਦੁਨੀਆ ਭਰ ਦੇ ਅਨਾਜ ਕਾਰੋਬਾਰਾਂ ’ਤੇ ਕੰਟਰੋਲ ਜਮਾਉਣ ਦੀ ਵਿਉਂਤ ਦਾ ਅੰਗ ਹਨ। ਇਹ ਭਾਰਤੀ ਕਿਸਾਨਾਂ ਦੀਆਂ ਪੈਦਾ ਕੀਤੀਆਂ ਫ਼ਸਲਾਂ ’ਤੇ ਸਿੱਧਾ ਡਾਕਾ ਹੈ ਜੋ ਕਾਰਪੋਰੇਟ ਘਰਾਣਿਆਂ ਨਾਲ ਰਲ ਕੇ ਮਾਰਿਆ ਜਾ ਰਿਹਾ ਹੈ। ਭਗਤ ਸਿੰਘ ਇਨ੍ਹਾਂ ਦੇਸੀ ਕਾਰਪੋਰੇਟਾਂ ਨਾਲ ਸਾਮਰਾਜੀਆਂ ਦੇ ਗੱਠਜੋੜ ਦੀ ਪਛਾਣ ਵੀ ਕਰਵਾਉਂਦਾ ਹੈ। ਆਪਣੀ ਜਥੇਬੰਦੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਮੈਨੀਫੈਸਟੋ ਵਿੱਚ ਉਹ ਲਿਖਦਾ ਹੈ: ‘‘ਭਾਰਤ ਸਾਮਰ-ਾਜਵਾਦ ਦੇ ਜੂਲੇ ਹੇਠ ਪਿਸ ਰਿਹਾ ਹੈ। ... ਭਾਰਤ ਦੀ ਬਹੁਤ ਵੱਡੀ ਗਿਣਤੀ ਜੋ ਕਿਰਤੀ ਕਿਸਾਨਾਂ ਦੀ ਹੈ, ਨੂੰ ਵਿਦੇਸ਼ੀ ਦਾਬੇ ਅਤੇ ਲੁੱਟ ਨੇ ਹੱਥਲ ਕਰ ਦਿੱਤਾ ਹੈ। ਭਾਰਤੀ ਕਿਰਤੀ ਵਰਗ ਦੀ ਹਾਲਤ ਅੱਜ ਅਤਿ ਗੰਭੀਰ ਹੈ। ਉਸ ਨੂੰ ਦੂਹਰੇ ਖ਼ਤਰੇ ਦਾ ਸਾਹਮਣਾ ਹੈ। ਉਸ ਨੂੰ ਵਿਦੇਸ਼ੀ ਪੂੰਜੀਵਾਦ ਦਾ ਇੱਕ ਪਾਸੇ ਤੋਂ ਅਤੇ ਭਾਰਤੀ ਪੂੰਜੀਵਾਦ ਦੇ ਧੋਖੇ ਭਰੇ ਹਮਲੇ ਦਾ ਦੂਜੇ ਪਾਸੇ ਤੋਂ ਖ਼ਤਰਾ ਹੈ। ਭਾਰਤੀ ਪੂੰਜੀਵਾਦ, ਵਿਦੇਸ਼ੀ ਪੂੰਜੀਵਾਦ ਨਾਲ ਹਰ ਰੋਜ਼ ਵਧੇਰੇ ਗੱਠਜੋੜ ਕਰ ਰਿਹਾ ਹੈ।’’



ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਚਿਤਾਵਨੀ ਦੀ ਇਸ ਸਾਰੇ ਬੀਤੇ ਸਮੇਂ ਦੌਰਾਨ ਪੁਸ਼ਟੀ ਹੋਈ ਹੈ। ਦੇਸੀ ਪੂੰਜੀਪਤੀ ਘਰਾਣਿਆਂ ਵਜੋਂ ਉਦੋਂ ਟਾਟਾ, ਬਿਰਲਾ ਜਾਂ ਡਾਲਮੀਆ ਵਰਗੇ ਘਰਾਣਿਆਂ ਦਾ ਜ਼ਿਕਰ ਆਉਂਦਾ ਰਿਹਾ ਤੇ ਹੁਣ ਉਨ੍ਹਾਂ ਵਿੱਚ ਅੰਬਾਨੀ ਅਡਾਨੀ ਵਰਗੇ ਵਪਾਰੀ ਕਾਰੋਬਾਰੀ ਵੀ ਸ਼ਾਮਿਲ ਹੋ ਚੁੱਕੇ ਹਨ। ਵਿਦੇਸ਼ੀ ਸਾਮਰਾਜੀ ਮੁਲਕਾਂ ’ਚੋਂ ਇੱਕ ਬਰਤਾਨੀਆ ਦੀ ਥਾਂ ਕਈ ਸਾਮਰਾਜੀ ਮੁਲਕਾਂ ਨੇ ਲੈ ਲਈ ਹੈ। ਕੌਮਾਂਤਰੀ ਸਾਮਰਾਜੀ ਵਿੱਤੀ ਸੰਸਥਾਵਾਂ ਜਿਵੇਂ ਡਬਲਿਊ ਟੀ ਓ, ਵਰਲਡ ਬੈਂਕ ਅਤੇ ਆਈ ਐਮ ਐਫ ਦੀਆਂ ਹਦਾਇਤਾਂ ਅੱਜ ਸਾਡੇ ਮੁਲਕ ਅੰਦਰ ਸੰਸਦ ’ਚੋਂ ਨਿਕਲਦੇ ਕਾਨੂੰਨਾਂ ਦਾ ਰੂਪ ਧਾਰ ਰਹੀਆਂ ਹਨ। ਇਹ ਹਾਲਤ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦੇ ਲੰਮੇ ਹੋਣ ਦੀ ਵਿਆਖਿਆ ਵੀ ਕਰਦੀ ਹੈ ਤੇ ਨਾਲ ਹੀ ਜਿੱਤਣ ਖ਼ਾਤਰ ਇਸ ਸੰਘਰਸ਼ ਦੀ ਵਿਸ਼ਾਲਤਾ ਤੇ ਗਹਿਰਾਈ ਬਣਾਈ ਰੱਖਣ ਵਿੱਚ ਵੀ ਸਹਾਇਤਾ ਕਰਦੀ ਹੈ।

ਸ਼ਹੀਦ ਭਗਤ ਸਿੰਘ ਨੇ ਅੰਗਰੇਜ਼ੀ ਸਾਮਰਾਜ ਖ਼ਿਲਾਫ਼ ਸੰਘਰਸ਼ ਵਿੱਚ ਜਮਾਤੀ ਚੇਤਨਾ ਰਾਹੀਂ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਬੇਅਸਰ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ ਸੀ। ਇਸ ਦੀ ਪ੍ਰਸੰਗਕਤਾ ਅੱਜ ਵੀ ਬਰਕਰਾਰ ਹੈ। ਸੱਤਾਧਾਰੀਆਂ ਨੇ ਕਿਸਾਨ ਸੰਘਰਸ਼ ਨੂੰ ਇਲਾਕਿਆਂ, ਜਾਤਾਂ, ਧਰਮਾਂ ਦੇ ਨਾਂ ’ਤੇ ਵੰਡ ਕੇ ਕੁਚਲਣ ਦਾ ਯਤਨ ਕੀਤਾ ਹੈ, ਪਰ ਕਿਸਾਨਾਂ ਤੇ ਕਿਰਤੀ ਲੋਕਾਂ ਦੇ ਵਿਸ਼ਾਲ ਏਕੇ ਮੂਹਰੇ ਹੁਣ ਤਕ ਇਹ ਚਾਲਾਂ ਨਾਕਾਮ ਰਹੀਆਂ ਹਨ। ਸੰਘਰਸ਼ਸ਼ੀਲ ਲੋਕਾਂ ਨੂੰ ਅੱਗੋਂ ਵੀ ਭਗਤ ਸਿੰਘ ਦੇ ਇਨ੍ਹਾਂ ਵਿਚਾਰਾਂ ’ਤੇ ਹੋਰ ਡੂੰਘੀ ਪਕੜ ਬਣਾਉਣ ਦੀ ਲੋੜ ਹੈ: ‘‘ਲੋਕਾਂ ਨੂੰ ਆਪਸ ਵਿੱਚ ਲੜਨ ਤੋਂ ਰੋਕਣ ਲਈ ਸ਼੍ਰੇਣੀ ਜਾਗ੍ਰਿਤੀ ਦੀ ਲੋੜ ਹੈ। ਗ਼ਰੀਬ ਕਿਰਤੀਆਂ ਤੇ ਕਿਰਸਾਨਾਂ ਨੂੰ ਸਾਫ਼ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ, ਇਸ ਲਈ ਤੁਹਾਨੂੰ ਇਨ੍ਹਾਂ ਦੇ ਹੱਥਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ... ਸੰਸਾਰ ਦੇ ਸਾਰੇ ਗ਼ਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇੱਕੋ ਹੀ ਹਨ। ਤੁਹਾਡਾ ਭਲਾ ਇਸ ਵਿੱਚ ਹੈ ਕਿ ਤੁਸੀਂ ਧਰਮ, ਰੰਗ, ਨਸਲ, ਕੌਮ ਤੇ ਮੁਲਕ ਦੇ ਭਿੰਨ ਭੇਦ ਮਿਟਾ ਕੇ ਇਕੱਠੇ ਹੋ ਜਾਓ।’’

ਅੱਜ ਲੋਕਾਂ ਨੂੰ ਫ਼ਿਰਕੂ ਰਾਸ਼ਟਰਵਾਦੀ ਨਾਅਰਿਆਂ ਰਾਹੀਂ ਭਰਮਾਉਣ ਅਤੇ ਧਰਮਾਂ ਦੀਆਂ ਡੂੰਘੀਆਂ ਵੰਡੀਆਂ ਪਾਉਣ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਸੰਘਰਸ਼ ਕਰਦੇ ਲੋਕਾਂ ਲਈ ਸ਼ਹੀਦ ਭਗਤ ਸਿੰਘ ਦੇ ਇਨ੍ਹਾਂ ਵਿਚਾਰਾਂ ਨੂੰ ਅਪਣਾਉਣਾ ਬੇਹੱਦ ਮਹੱਤਵਪੂਰਨ ਹੈ। ਕਿਸਾਨ ਸੰਘਰਸ਼ ਦਾ ਅਗਲਾ ਸਫ਼ਰ ਵੀ ਇਨ੍ਹਾਂ ਵਿਚਾਰਾਂ ਦੀ ਰੌਸ਼ਨੀ ਹੇਠ ਤੈਅ ਹੋਣਾ ਲੋੜੀਂਦਾ ਹੈ। ਨਾ ਸਿਰਫ਼ ਫ਼ਿਰਕਾਪ੍ਰਸਤੀ ਦੀ ਕਾਟ ਲਈ ਸਗੋਂ ਜਾਤ ਪਾਤੀ ਵਿੱਥਾਂ ਮੇਟ ਕੇ ਕਿਰਤੀ ਲੋਕਾਂ ਦੀ ਵਿਸ਼ਾਲ ਏਕਤਾ ਉਸਾਰਨ ਲਈ ਵੀ ਸ਼ਹੀਦ ਭਗਤ ਸਿੰਘ ਦੇ ਵਿਚਾਰ ਰਸਤਾ ਦਿਖਾਉਂਦੇ ਹਨ। ‘ਅਛੂਤ ਦਾ ਸਵਾਲ’ ਨਾਂ ਦੀ ਲਿਖਤ ਵਿੱਚ ਸ਼ਹੀਦ ਭਗਤ ਸਿੰਘ ਲਿਖਦਾ ਹੈ:

‘‘ਮਨੁੱਖ ਦੀ ਹੌਲੀ ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤਾਂ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਨ੍ਹਾਂ ’ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਨ੍ਹਾਂ ਨੂੰ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ।’’

ਸ਼ਹੀਦ ਭਗਤ ਸਿੰਘ ਦੀ ਇਸ ਲਿਖਤ ਦਾ ਸੱਜਰੇ ਹਾਲਾਤ ਨਾਲ ਸਬੰਧ ਉਜਾਗਰ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਅੰਦਰ ਦਲਿਤ ਖੇਤ ਮਜ਼ਦੂਰਾਂ ਦੀ ਊਣੀ ਸ਼ਮੂਲੀਅਤ ਪੰਜਾਬ ਦੀ ਕਿਸਾਨੀ ਨੂੰ ਇਹ ਸਵਾਲ ਪੇਸ਼ ਕਰਦੀ ਹੈ ਕਿ ਖੇਤ ਮਜ਼ਦੂਰਾਂ ਨੂੰ ਸੰਘਰਸ਼ ਦਾ ਹਿੱਸਾ ਬਣਾਉਣ ਲਈ ਉਨ੍ਹਾਂ ਨੇ ਕੀ ਪਹੁੰਚ ਅਖਤਿਆਰ ਕੀਤੀ ਹੈ। ਅੱਜ ਇਨ੍ਹਾਂ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦਾ ਹਿੱਸਾ ਬਣਾਉਣ ਲਈ ਦਲਿਤ ਖੇਤ ਮਜ਼ਦੂਰਾਂ ਤੱਕ ਭਗਤ ਸਿੰਘ ਦਾ ਇਹ ਸੁਨੇਹਾ ਪਹੁੰਚਾਉਣਾ ਚਾਹੀਦਾ ਹੈ: ‘‘ਤੁਸੀਂ ਅਸਲੀ ਕਿਰਤੀ ਹੋ! ਕਿਰਤੀਓ ਜਥੇਬੰਦ ਹੋ ਜਾਓ। ਤੁਹ-ਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ।’’ ਅੱਜ ਅਜਿਹਾ ਸੱਦਾ ਹੀ ਮਜ਼ਦੂਰ ਕਿਸਾਨ ਏਕਤਾ ਦੇ ਨਾਅਰੇ ਦੇ ਪੂਰੇ ਅਰਥ ਉਘਾੜ ਸਕਦਾ ਹੈ।

ਭਗਤ ਸਿੰਘ ਦੇ ਕਹੇ ਬੋਲ ਸੱਚ ਹੋ ਰਹੇ ਹਨ: ‘‘ਇਕ ਯੁੱਧ ਚੱਲ ਰਿਹਾ ਹੈ ਅਤੇ ਇਹ ਤਦ ਤੱਕ ਚਲਦਾ ਰਹੇਗਾ ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ।’’ ਤੇ ਆਪਾਂ ਸਾਰੇ ਉਸੇ ਯੁੱਧ ਦੇ ਸਮਿਆਂ ’ਚ ਜਿਉਂ ਰਹੇ ਹਾਂ।

# ਰਾਜਸੀ ਲੋਕਾਂ ਕਾਨੂੰਨ ਬਣਾਏ ਉਹੀ ਕਿਸਾਨ ਅੰਦੋਲਨ ਦਾ ਹੱਲ ਲਭਣ

-ਦਲੀਪ ਸਿੰਘ ਵਾਸਨ, ਐਡਵੋਕੇਟ-

ਸਾਡੇ ਦੇਸ਼ ਵਿੱਚ ਸਾਡੀ ਪਾਰਲੀਮੈਂਟ ਨੇ ਪਿਛੇ ਜਿਹੇ ਤਿੰਨ ਖੇਤੀ ਸੁਧਾਰ ਬਿਲ ਪਾਸ ਕਰਕੇ ਅਧਿਸੂਚਨਾ ਜਾਰੀ ਕਰ ਦਿੱਤੀ ਸੀ ਅਤੇ ਉਦੋਂ ਤੋਂ ਹੀ ਮੁਲਕ ਵਿੱਚ ਕਿਸਾਨਾਂ ਨੇ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ ਸੀ। ਸਾਡੀ ਪਾਰਲੀਮੈਂਟ ਵਿੱਚ ਵਿਰੋਧੀ ਧਿਰਾਂ ਵਲੋਂ ਇਹ ਵੀ ਆਖ ਦਿੱਤਾ ਗਿਆ ਸੀ ਕਿ ਇਹ ਬਿਲ ਕੁਝ ਕਾਰਪੋਰੇਟ ਅਦਾਰਿਆਂ ਨੂੰ ਲਾਭ ਪੁਚਾਉਣ ਲਈ ਬਣਾਏ ਗਏ ਸਨ ਅਤੇ ਸਦਨ ਵਿੱਚ ਸਰਕਾਰ ਪਾਸ ਬਹੁਮਤ ਸੀ, ਪਾਸ ਵੀ ਕਰਵਾ ਲਿਤੇ ਗਏ ਸਨ। ਅਤੇ ਬਿਲ ਜਦ ਕਾਨੂੰਨ ਬਣ ਗਏ ਤਾਂ ਉਦੋਂ ਤੋਂ ਹੀ ਮੁਲਕ ਦੇ ਕਿਸਾਨਾਂ ਨੇ ਕਾਨੂੰਨਾਂ ਦੀ ਵਿਰੋਧਤਾ ਕਰਨ ਦਾ ਫੈਸਲਾ ਕਰ ਲਿਆ ਸੀ ਅਤੇ ਇਹ ਮੋਰਚਾ ਅਜ ਤਕ ਚਲਦਾ ਆ ਰਿਹਾ ਹੈ। ਕਈ ਕਿਸਾਨ ਮਰ ਵੀ ਗਏ ਹਨ, ਕਈਆਂ ਉਤੇ ਸੰਗੀਨ ਫੌਜਦਾਰੀ ਕੇਸ ਵੀ ਬਣ ਗਏ ਹਨ ਅਤੇ ਕਦੀ ਮੁਲਕ ਦੀ ਆਵਾਜਾਈ ਵੀ ਬੰਦ ਕੀਤੀ ਜਾ ਚੁਕੀ ਹੈ ਅਤੇ ਕਦੀ ਕਦੀ ਸਾਰਾ ਮੁਲਕ ਹੀ ਖੜੌਤ ਦਾ ਸਿਕਾਰ ਬਣ ਜਾਂਦਾ ਹੈ। ਕਿਸਾਨ ਜਥੇਬੰਦੀਆਂ ਇਹ ਆਖ ਰਹੀਆਂ ਹਨ ਕਿ ਇਹ ਕਾਨੂੰਨ ਸਾਰੇ ਦੇ ਸਾਰੇ ਹੀ ਵਾਪਸ ਲੈ ਲਿਤੇ ਜਾਣ ਅਤੇ ਅਸੀਂ ਦੇਖ ਰਹੇ ਹਾਂ ਸਰਕਾਰ ਕੁਝ ਤਰਮੀਮਾਂ ਕਰਨ ਲਈ ਤਿਆ ਹੈ।

ਹੁਣ ਅਸਾਂ ਇਹ ਵੀ ਦੇਖਿਆ ਹੈ ਕਿ ਵਿਰੋਧੀ ਧਿਰਾਂ ਦੇ ਸਰਦਾਰ ਰਾਹੁਲ ਜੀ ਨੇ ਇਹ ਆਖ ਦਿੱਤਾ ਹੈ ਕਿ ਹੁਣਅਸੀਂ ਕੁਝ ਨਹੀਂ ਕਰ ਸਕਦੇ, ਪਰ ਜਦ ਸਾਡੀ ਸਰਕਾਰ ਆ ਜਾਵੇਗੀ ਤਾਂਅਸੀਂ ਇਹਵਾਲੇ ਕਾਲੇ ਕਾਨੂੰਨ ਖਤਮ ਕਰ ਦੇਵਾਂਗ। ਮਾਮਲਾ ਇਥੇ ਆਕੇ ਖਲੋਅ ਗਿਆ ਹੈ।

ਸਾਡੇ ਮੁਲਕ ਦੇ ਵਿਧਾਨ ਮੁਤਾਬਿਕ ਹਰ ਕਾਨੂੰਨ ਸਾਡੀ ਪਾਰਲੀਮੈਂਟਵਿੱਚ ਪਾਸ ਹੋਣਾ ਹੈ ਅਤੇ ਹਰ ਤਰਮੀਮ ਅਤੇ ਹਰ ਰਪੀਲ ਵੀ ਪਾਰਲੀਮੈਂਟ ਵਿੱਚ ਹੀ ਜਾਣੀ ਹੈ ਅਤੇ ਉਥੇ ਹੀ ਪਾਸ ਕੀਤੀ ਜਾਣੀ ਹੈ ਅਤੇ ਕਿਉਂਕਿ ਪਾਰਲੀਮੈਂਟ ਹੀ ਸਰਵਉਚ ਸੰਸਥਾ ਹੈ ਅਤੇ ਇਸ ਲਈ ਪਾਰਲੀਮੈਂਟ ਵਲੋਂ ਪਾਸ ਕੀਤੇ ਕਿਸੇ ਵੀ ਕਾਨੂੰਨ ਵਿੱਚ ਕਿਸੇ ਵੀ ਹਸਤੀ ਦੀ ਤਾਕਤ ਨਹੀਂ ਹੈ ਕਿ ਉਹ ਤਰਮੀਮ ਕਰ ਸਕੇ ਰਪੀਲ ਕਰ ਸਕੇ ਜਾਂ ਬਣਿਆ ਕਾਲੂੰਨ ਰਦ ਕਰ ਸਕੇ। ਹਾਂ ਮਾਨਯੋਗ ਸੀਂਪਰੀਮ ਕੋਰਟ ਪਾਸ ਤਾਕਤ ਹੈ ਕਿ ਉਹ ਘੋਸ਼ਿਤ ਕਰ ਸਕਦੀ ਹੈ ਕਿ ਇਹ ਵਾਲਾ ਕਾਨੂੰਨ ਸਾਡੇ ਵਿਧਾਨ ਦੀ ਉਲੰਘਣਾ ਕਰਦਾ ਹੈ।

ਇਹ ਤਿੰਨੋਂ ਬਿਲ ਕਿਵੇਂ ਪਾਰਲੀਮੈਂਟ ਵਿੱਚ ਰਖੇ ਗਏ, ਕਿਵੇਂ ਬਿਲਾਂ ਉਤੇ ਵਿਚਾਰ ਹੋਈ ਅਤੇ ਕਿਵੈਂ ਵੋਟਾਂ ਪਾਈਆਂ ਗਈਆਂ, ਇਹ ਮਸਲਾ ਹਾਲਾਂ ਤਕ ਵਿਚਾਰ ਅਧੀਨ ਹੀ ਨਹੀਂ ਆਇਆ ਕਿਉਂਕਿ ਸਾਡੇ ਮੁਲਕ ਦੀਆਂ ਵਿਰੋਧੀ ਧਿਰਾਂ ਵੀ ਜਾਣਦੀਆਂ ਹਨ ਕਿ ਅਜ ਦੀ ਸਰਕਾਰ ਨੇ ਜਿਵੈਂ ਇਹ ਬਿਲ ਪਾਸ ਕਰਵਾਏ ਹਨ, ਕਲ ਅਗਰ ਜਦ ਉਨ੍ਹਾਂ ਦੀ ਸਰਕਾਰ ਆ ਜਾਵੇਗੀ ਤਾਂ ਵੀ ਇਹੀ ਕਾਰਜਵਿਧੀ ਅਪਨਾਈ ਜਾਵੇਗੀ। ਇਸ ਲਈ ਇਸ ਕਾਰਜਵਿਧੀ ਉਤੇ ਬੋਲਣ ਦੀ ਬਜਾਏ ਵਿਰੋਧੀ ਧਿਰਾਂ ਦੇ ਸਰਦਾਰ ਨੇ ਸਿਰਫ ਇਹ ਆਖਕੇ ਜਾਨ ਛੁਡਾ ਲਈ ਕਿ ਜਦ ਉਨ੍ਹਾਂ ਦੀ ਸਕਾਰ ਆ ਜਾਵੇਗੀ ਤਾਂ ਇਹ ਵਾਲੇ ਤਿੰਨੈਂ ਕਾਨੂੰਨ ਵਾਪਸ ਲੈ ਲਿਤੇ ਜਾਣਗੇ ਅਰਥਾਤ ਉਦੋਂ ਵੀ ਇਹ ਬਹੁਮਤ ਵਾਲਾ ਗੁਰ ਹੀ ਅਪਨਾਇਆ ਜਾਵੇਗਾ।

ਇਸ ਮੁਲਕ ਵਿੱਚ ਚੋਣਾਂ ਕਿਵੇਂ ਕਰਵਾਈਆਂ ਜਾਂਦੀਆਂ ਹਨ, ਉਮੀਦਵਾਰ ਕਿਵੇਂ ਸਾਹਮਣੇ ਕੀਤੇ ਜਾਂਦੇ ਹਨ, ਵੋਟਾ ਕਿਵੇਂ ਪੈਂਦੀਆਂ ਹਨ ਅਤੇ ਸਾਡੇ ਮੁਲਕ ਦਾ ਪ੍ਰਧਾਨ ਮੰਤਰੀ ਕਿਵੈਂ ਕੋਈ ਬਣਜਾਂਦਾ ਹੈ ਇਹ ਗਲਾਂ ਸਪਸ਼ਟ ਕਰ ਰਹੀਆਂ ਹਨ ਕਿ ਸਾਡੇ ਮੁਲਕ ਵਿੱਚ ਅਜੀਬ ਕਿਸਮ ਦਾ ਇਹਪਰਜਾਤੰਤਰ ਆਇਆ ਹੈ ਜਿਥੋਂ ਦੀ ਪਾਰਲੀਮੈਂਨ ਵਿੱ ਲੋਕਾਂ ਦਾ ਪ੍ਰਤੀਨਿਧ ਕੋਈ ਵੀ ਨਹੀਂ ਹੁੰਦਾ ਅਤੇ ਇਹ ਜਿਹੜਾ ਵੀ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਉਹੀ ਕਰਤਾ ਧਰਤਾ ਬਣ ਜਾਂਦਾ ਹੈ। ਇਹ ਸਰਕਾਰ ਦੇ ਸਪੋਰਟਰ ਤਾਂ ਸਦਨ ਵਿੱਚ ਬੋਲ ਹੀ ਨਹੀਂ ਸਕਦੇ ਹਨ ਅਤੇ ਵਿਰੋਧੀ ਧਿਰਾਂ ਦੀ ਗਿਣਤੀ ਘਟ ਹੁੰਦੀ ਹੈ ਉਹ ਅਗਰ ਬੋਲਣ ਵੀ ਤਾਂ ਕੋਈ ਸੁਣਵਾਈ ਨਹੀਂ ਹੁੰਦੀ ਅਤੇ ਇਹ ਪਿਆ ਲਗਦਾ ਹੈ ਕਿ ਇਹ ਤਿੰਨੋਂ ਬਿਲ ਪ੍ਰਧਾਨ ਮੰਤਰੀ ਜੀ ਨੇ ਹੀ ਸਦਨ ਵਿੱਚ ਰਖੇ ਸਨ ਅਤੇ ਬਹੁਮਤ ਹੋਣ ਕਰਕੇ ਪਾਸ ਵੀ ਕਰਵਾ ਲਏ ਸਨ ਅਤੇ ਕਾਨੂੰਨ ਵੀ ਬਣ ਗਏ ਹਨ। ਇਹੀ ਕਾਰਨ ਹੈ ਅਜ ਜਿਹੜਾ ਇਹ ਇਲਜ਼ਾਮ ਆ ਰਿਹਾ ਹੈ ਕਿ ਮਾੜੀ ਨੀਅਤ ਨਾਲ ਇਹ ਬਿਲ ਪਾਸ ਕਰਵਾ ਲਿਤੇ ਗਏ ਹਨ, ਇਹ ਵਾਲਾ ਇਲਜ਼ਾਮ ਵੀ ਪ੍ਰਧਾਨ ਮੰਤਰੀ ਉਤੇ ਲਗ ਰਿਹਾ ਹੈ।

ਇਹ ਚੋਣਾਂ, ਇਹ ਸਦਨਾਂ ਦੀ ਕਾਜਵਿਧੀ ਅਤੇ ਇਹ ਵਾਲਾ ਇਕਪੁਰਖਾ ਰਾਜ ਹੁਣ ਬਣ ਆਇਆ ਹੈ ਅਤੇ ਇਸ ਵਿੱਚ ਕਿਸੇ ਨੇ ਵੀ ਤਬਦੀਲੀ ਨਹੀਂ ਕਰਨੀ ਹੈ। ਇਹ ਬਹੁਮਤ ਵਾਲੀ ਸਰਕਾਰ ਅਤੇ ਉਹ ਵੀ ਪ੍ਰਧਾਨ ਮੰਤਰੀ ਦੀ ਤਾਨਾਸ਼ਾਹੀ ਹੀ ਚਲਦੀ ਰਹਿਣੀ ਹੈ। ਇਸ ਲਈ ਅਜ ਵਕਤ ਇਹ ਵਡੀਆ ਤਬਦੀਆਂ ਬਾਰੇ ਸੋਚਣ ਦਾ ਨਹੀਂਹੈ। ਅਜ ਸਾਡੇ ਸਾਹਮਣੇ ਕਿਸਾਨਾਂ ਦਾ ਸੰਘਰਸ਼ਹੈ ਅਤੇ ਇਹ ਬਹੁਤ ਹੀ ਲਮਕ ਗਿਆ ਹੈ। ਇਸ ਲਈ ਅਜ ਇਹ ਵਾਲਾ ਮਸਲਾ ਸੁਲਝਾਉਣ ਲਈ ਕੋਈ ਢੰਗ ਤਰੀਕਾ ਲਭਣਾ ਚਾਹੀਦਾ ਹੈ। ਇਸ ਵਕਤ ਇਹੀ ਕੀਤਾ ਜਾ ਸਕਦਾ ਹੈ ਕਿ ਸਾਡੀਆਂ ਵਿਰੋਧੀ ਧਿਰਾਂ ਤੁਰੰਤ ਹੀ ਬਿਲ ਤਿਆਰ ਕਰਨ ਜਿਹੜਾ ਇਹ ਦਸੇ ਕਿ ਕਿਥੋ ਕਿਥੇ ਖੇਤੀ ਬਿਲਾ ਵਿੱਚ ਤਰਮੀਮ ਕਰਨੀ ਹੈ ਅਤੇ ਕਿਥੇ ਕਿਥੇ ਕੋਈ ਮਦਾਂ ਬਿਲਕੁਲ ਹੀਉਡਾ ਦੇਣੀਆਂ ਹਨ ਅਤੇ ਇਹ ਤਰਮੀਮੀ ਅਤੇ ਰਪੀਲ ਬਿਲ ਲੋਕ ਸਭਾ ਵਿੱਚ ਪੇਸ਼ ਕਰ ਦਿਤੇ ਜਾਣ ਅਤੇ ਅਸੀਂ ਸਾਦਨ ਵਿੱਚ ਸਾਰੇ ਦੇ ਸਾਰੇ ਹਾਜ਼ਰ ਵਿਧਾਇਕਾਂ ਪਾਸ ਬੇਨਤੀ ਕਰਦੇ ਹਾਂ ਕਿ ਉਹ ਇਸ ਵਾਰੀਂ ਭੁਲ ਹੀ ਜਾਣ ਕਿ ਉਹ ਕਿਸਦੇ ਸਪੋਰਟਰ ਹਨ, ਬਲਕਿ ਸਿਰਫ ਅਤੇ ਸਿਰਫ ਇਹ ਸੋਚਣ ਕਿ ਉਹ ਲੋਕਾਂ ਦੇ ਪ੍ਰਤੀਨਿਧ ਹਨ ਅਤੇ ਆਪਣੀ ਅਕਲ, ਆਪਣੀ ਲਿਅਠਾਕਤ, ਆਪਣੀ ਜ਼ਮੀਰ ਦੀ ਆਵਾਜ਼ ਸੁਣਕੇ ਬਹਿਸ ਵਿੱਚ ਵੀ ਹਿਸਾ ਲੈਣ ਅਤੇ ਵੋਟ ਪਾਉਣ ਲਗਿਆਂ ਵੀ ਕਿਸੇ ਦਬਾਉ ਤਲੇਨਾਂ ਆਉਣ ਬਲਕਿ ਆਪਣੀ ਅਕਲ, ਲਿਆਕਤ ਅਤੇ ਜ਼ਮੀਰ ਦੀ ਆਵਾਜ਼ ਸੁਣਕੇ ਹੀ ਵੋਟ ਪਾਉਣ ਅਤੇ ਜੋ ਵੀ ਫੈਸਲਾ ਆ ਜਾਂਦਾ ਹੈ ਉਸ ਮੁਤਾਬਿਕ ਕਾਨੂੰਨਾਂ ਵਿੱਚ ਸੋਧਜਾਂ ਰਪੀਲ ਕਰਕੇ ਕਾਨੂੰਨ ਲਾਗੂ ਕਰ ਦਿਤੇ ਜਾਣ।

ਇਹ ਵਾਲਾ ਤਰੀਕਾ ਅਗਰ ਵਿਰੋਧੀ ਧਿਰਾਂ ਸ਼ੁਰੂ ਵਿੱਚ ਹੀ ਅਪਨਾ ਲੈਂਦੀਆਂ ਤਾਂ ਇਹ ਵਾਲਾ ਵਿਰੋਧ ਵੀ ਸ਼ਾਇਦ ਪੈਦਾ ਨਾ ਹੋ ਸਕਦਾ। ਮੁਲਕ ਵਿੱਚ ਐਸੀਆਂ ਐਜੀਟੇਸ਼ਨਾ ਠੀਕ ਠਾਕ ਨਹੀਂ ਲਗਦੀਆਂ ਅਤੇ ਸਿਰਫ ਅਸੀਂ ਆਪਣੇ ਦੇਸ਼ਵਿੱਚ ਹੀ ਨਹੀਂ ਦੁਨੀਆਂ ਭਰ ਵਿੱਚ ਬਦਨਾਮ ਹੋ ਜਾਂਦੇ ਹਾਂ।

ਹਰ ਵਿਧਾਇਕ ਬੇਸ਼ਕ ਸਪੋਰਟਰ ਹੀ ਚੁਣਿਆ ਜਰਾਂਦਾ ਹੈ ਪਰ ਸਰਕਾਰ ਬਣਨ ਬਾਅਦ ਜਦ ਹਰ ਵਿਧਾਇਕ ਸੰਵਿਧਾਨ ਦੀ ਕਸਮ ਖਾ ਲੈਂਦਾ ਹੈ ਉਹ ਲੋਕਾਂ ਦਾ ਪ੍ਰਤੀਨਿਧ ਬਣ ਜਾਂਦਾ ਹੈ ਅਤੇ ਲੋਕਾਂ ਦਾ ਹਿਤ ਰਖਣ ਲਈ ਉਹ ਆਪਣੇ ਸਰਦਾਰ ਦੀ ਗਲ ਮਨਣ ਤੋਂ ਇਨਕਾਰ ਵੀ ਕਰਸਕਦਾ ਹੈ। ਇਹ ਵੋਟਾ ਵਾਲਾ ਸਿਲਸਿਲਾ ਵੀ ਅਗਰ ਗੁਪਤ ਕਰ ਦਿਤਾ ਜਾਵੇ ਤਾਂ ਵੀ ਕਈ ਵਿਧਾਇਕ ਆਪਣੀ ਸਿਆਣਪ ਅਤੇ ਆਪਣੀ ਜ਼ਮੀਰ ਦੀ ਆਵਾਜ਼ ਸੁਣਨ ਲਗ ਜਾਣਗੇਅਤੇ ਇਹ ਵਾਲੀਆਂ ਤਾਨਾਂਸ਼ਾਹੀਆਂ ਉਤੇ ਕੁਝ ਰੋਕ ਲਗ ਸਕਦੀ ਹੈ।

ਇਹ ਰਾਜਸੀ ਲੋਕਾਂ ਦਾ ਰਾਜ ਹੈ ਅਤੇ ਇਹ ਕਾਨੂੰਨ ਬਨਾਉਣ ਅਤੇ ਇਹ ਗਲਤੀਆਂ ਕਰਨ ਲਈ ਵੀ ਰਾਜਸੀ ਲੋਕ ਹੀ ਜ਼ਿਮੇਵਾਰ ਹਨ। ਇਹ ਤਿੰਨੈਂ ਕਾਨੂੰਨ ਰਾਜਸੀ ਲੋਕਾਂ ਦੀ ਹਾਜ਼ਰੀਵਿੱਚ ਪਾਸ ਹੋਏ ਹਨ ਅਤੇ ਅਗਰ ਗਲਤੀ ਰਹਿ ਗਈ ਹੈ ਤਾਂ ਇਹ ਰਾਜਸੀ ਲੋਕ ਹੀ ਅਗੇ ਆਕੇ ਹੁਣ ਸੁਧਾਈ ਵੀ ਕਰਨ ਅਤੇ ਜੰਤਾ ਦਾ ਵਕਤ ਖਰਾਬ ਨਾ ਕਰਨ।


## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**



## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
**647-739-4641**
**346-714-0224**



## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005





- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਪੂਰੀਆਂ ਪਾਉਣ ਵਾਲੇ ਰੰਗ ਨਾ ਹੋਏ ਕਾਂਗਰਸ ਦੇ ਤਾਂ ਫਿਰ ਹੋਊਗਾ ਕੀ?

ਪਿਛਲੇ ਦਿਨੀਂ ਪੰਜਾਬ ਸਰਕਾਰ ਦਾ ਮੁਖੀ ਬਦਲੇ ਜਾਣ ਦੀਆਂ ਘਟਨਾਵਾਂ ਮਗਰੋਂ ਲੱਗਭਗ ਹਰ ਕਿਸੇ ਪੱਤਰਕਾਰ ਨੇ ਆਪੋ-ਆਪਣੀ ਸੋਚ ਦੇ ਮੁਤਾਬਕ ਇਸ ਉੱਤੇ ਟਿਪਣੀਆਂ ਕੀਤੀਆਂ ਸਨ। ਜਿਹੜੀ ਟਿਪਣੀ ਸਭ ਤੋਂ ਜ਼ਿਆਦਾ ਠੀਕ ਲੱਗੀ, ਉਹ ਇਹ ਸੀ ਕਿ ਪੰਜਾਬ ਦੀ ਕਾਂਗਰਸ ਇੱਕ ਵਾਰ ਫਿਰ ਓਸੇ ਹਾਲ ਵਿੱਚ ਜਾ ਪਹੁੰਚੀ ਹੈ, ਜਿਸ ਵਿੱਚ ਓਦੋਂ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਅਤੇ ਉਸ ਨੂੰ ਹਟਾ ਕੇ ਮੁੱਖ ਮੰਤਰੀ ਬਣੀ ਬੀਬੀ ਰਾਜਿੰਦਰ ਕੌਰ ਭੱਠਲ ਦੇ ਆਪੋ ਵਿੱਚ ਲੱਗੇ ਆਢੇ ਨੇ ਪੁਚਾਈ ਸੀ। ਓਦੋਂ ਭੱਠਲ ਬੀਬੀ ਨੂੰ ਪਹਿਲਾਂ ਡਿਪਟੀ ਮੁੱਖ ਮੰਤਰੀ ਬਣਾਇਆ ਸੀ ਤੇ ਫਿਰ ਨਵੰਬਰ ਵਿੱਚ ਮੁੱਖ ਮੰਤਰੀ ਬਣਾ ਕੇ ਅਗਲੀਆਂ ਚੋਣਾਂ ਦੇ ਨੇੜੇ ਕੀਤੀ ਤਬਦੀਲੀ ਨੇ ਕਾਂਗਰਸ ਦਾ ਕੁਝ ਨਹੀਂ ਸੀ ਸੰਵਾਰਿਆ। ਸਾਬਕਾ ਮੁੱਖ ਹਰਚਰਨ ਸਿੰਘ ਬਰਾੜ ਤੇ ਉਸ ਦਾ ਧੜਾ ਬੀਬੀ ਭੱਠਲ ਤੋਂ ਡਰਦਾ ਘਰੀਂ ਜਾ ਬੈਠਾ ਅਤੇ ਅੰਦਰ-ਖਾਤਿਉਂ ਆਪਣੀ ਪਾਰਟੀ ਵਿਰੁੱਧ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਰਾਜਸੀ ਗੱਠਜੋੜ ਦੀ ਮਦਦ ਕਰਦਾ ਰਿਹਾ ਸੀ। ਇਸ ਵਾਰ ਸਤੰਬਰ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕੁਰਸੀ ਛੱਡਣੀ ਪਈ ਹੈ, ਪਰ ਉਹ ਹਰਚਰਨ ਸਿੰਘ ਬਰਾੜ ਵਾਂਗ ਚੁੱਪ ਕੀਤਾ ਘਰੇ ਬਹਿਣ ਵਾਲਾ ਨਹੀਂ, ਸਿੱਧਾ ਭੇੜ ਭਿੜਨ ਦੇ ਦਬਕੇ ਮਾਰਦਾ ਹੈ ਤੇ ਤਬਦੀਲੀ ਪਿੱਛੋਂ ਉਸ ਦਾ ਧੜਾ ਵੀ ਰਾਜ ਵਿੱਚੋਂ ਆਪਣਾ ਹਿੱਸਾ ਲੈਣ ਲਈ ਸਾਰਾ ਤਾਣ ਲਾ ਰਿਹਾ ਹੈ। ਦੋ ਡਿਪਟੀ ਮੁੱਖ ਮੰਤਰੀ ਬਣਉਣ ਦੇ ਵਕਤ ਵੀ ਇੱਕ ਜਣਾ ਕੈਪਟਨ ਧੜੇ ਤੋਂ ਲੈਣ ਲਈ ਪਾਰਟੀ ਦਾ ਮਜਬੂਰੀ ਵਿੱਚ ਮੰਨਣਾ ਇਸ ਦਾ ਸਬੂਤ ਹੈ ਕਿ ਉਸ ਧੜੇ ਨੂੰ ਨਾਰਾਜ਼ ਰੱਖਣ ਦਾ ਨੁਕਸਾਨ ਪਾਰਟੀ ਜਾਣਦੀ ਹੈ ਤੇ ਕੈਪਟਨ ਧੜਾ ਵੀ ਇਸ ਸਥਿਤੀ ਵਿੱਚ ਸ਼ਰੀਕਾਂ ਅੱਗੇ ਹਥਿਆਰ ਸੁੱਟਣ ਦੀ ਬਜਾਏ ਵਜ਼ੀਰੀਆਂ ਦੀ ਵੰਡ ਤੋਂ ਬਾਅਦ ਟਿਕਟਾਂ ਦੀ ਵੰਡ ਵਿੱਚ ਵੀ ਲੱਤ ਅੜਾਉਣ ਦੇ ਲਈ ਪੂਰੀ ਤਿਆਰੀ ਵੱਟੀ ਬੈਠਾ ਹੈ।

ਕਿਸੇ ਵੀ ਰਾਜ ਕਰਦੀ ਪਾਰਟੀ ਦਾ ਨਾਰਾਜ਼ ਧੜਾ ਜੋ ਵੀ ਕਰਦਾ ਫਿਰੇ, ਉਸ ਨੂੰ ਕੋਈ ਰੋਕਦਾ ਨਹੀਂ ਹੁੰਦਾ ਤੇ ਰਾਜ ਕਰਦੇ ਧੜੇ ਉੱਤੇ ਜ਼ਿੰਮੇਵਾਰੀ ਪੈ ਜਾਂਦੀ ਹੈ ਕਿ ਉਹ ਨਾਰਾਜ਼ ਧੜੇ ਨੂੰ ਵੀ ਨਾਲ ਲੈ ਕੇ ਚੱਲੇ ਤੇ ਉਨ੍ਹਾਂ ਦਾ ਗੁੱਸਾ-ਗਿਲ੍ਹਾ ਕੁਝ ਠੰਢਾ ਕਰਨ ਦਾ ਯਤਨ ਕਰੇ। ਇਸ ਮਾਮਲੇ ਵਿੱਚ ਇਸ ਵਾਰੀ ਰਾਜ ਸੰਭਾਲਣ ਵਾਲੇ ਧੜੇ ਦੇ ਆਗੂ ਸੁਚੇਤ ਹੋ ਕੇ ਨਹੀਂ ਚੱਲ ਸਕੇ ਅਤੇ ਜਿਨ੍ਹਾਂ ਕੋਲੋਂ ਰਾਜ ਖੋਹਿਆ ਹੈ, ਉਨ੍ਹਾਂ ਨੂੰ ਹਰ ਨਵੇਂ ਦਿਨ ਨਵੀਂ ਹੁੱਝ ਮਾਰਨ ਦੇ ਯਤਨ ਕਰਦੇ ਪਏ ਹਨ। ਨਤੀਜਾ ਇਸ ਦਾ ਇਹ ਹੋਵੇਗਾ ਕਿ ਉਨ੍ਹਾਂ ਨੇ ਜੇ ਕੋਈ ਵਿਰੋਧ ਅੰਦਰ-ਖਾਤੇ ਵੀ ਕਰਨਾ ਸੀ ਤਾਂ ਇਸ ਦੀ ਲੋੜ ਨਹੀਂ ਰਹਿਣੀ, ਉਹ ਨੰਗੇ ਧੜ ਇਸ ਧੜੇ ਦੀ ਅਗਵਾਈ ਹੇਠ ਚੱਲਦੀ ਸਰਕਾਰ ਤੇ ਪਾਰਟੀ ਦਾ ਵਿਰੋਧ ਕਰਨਗੇ। ਨਵਾਂ ਮੁੱਖ ਮੰਤਰੀ ਬਣਾ ਲੈਣ ਦੇ ਬਾਵਜੂਦ ਇੱਕ ਹਫਤਾ ਇਹੋ ਤਹਿ ਨਹੀਂ ਕੀਤਾ ਜਾ ਸਕਿਆ ਕਿ ਮੰਤਰੀ ਕੌਣ-ਕੌਣ ਬਣਾਉਣਾ ਹੈ ਤੇ ਇਸ ਕੰਮ ਲਈ ਹਰ



ਜਤਿੰਦਰ ਪੰਨੂ

ਦੂਸਰੇ ਦਿਨ ਦਿੱਲੀ ਨੂੰ ਦੌੜ ਲੱਗਦੀ ਰਹੀ ਹੈ। ਇਹ ਦੌੜ ਹੀ ਸਰਕਾਰ ਦੀ ਕਮਜ਼ੋਰੀ ਜਾਹਰ ਕਰਦੀ ਹੈ।

ਦੂਸਰੀ ਗੱਲ ਇਹ ਕਿ ਜਿਨ੍ਹਾਂ ਨੇ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਲੜਾਈ ਲੜੀ ਤੇ ਆਖਰ ਉਸ ਨੂੰ ਕੁਰਸੀ ਛੱਡਣ ਨੂੰ ਮਜਬੂਰ ਕੀਤਾ, ਉਨ੍ਹਾਂ ਤੋਂ ਡਰ ਕੇ ਹਰਚਰਨ ਸਿੰਘ ਬਰਾੜ ਵਾਂਗ ਚੁੱਪ ਹੋਣ ਦੀ ਥਾਂ ਕੈਪਟਨ ਅਮਰਿੰਦਰ ਸਿੰਘ ਨੇ ਖੜੇ ਪੈਰ ਉਨ੍ਹਾਂ ਨਾਲ ਮੋੜਵਾਂ ਆਢਾ ਲਾ ਲਿਆ ਹੈ। ਉਹ ਇਸ ਗੱਲ ਵਿੱਚ ਕਾਮਯਾਬ ਰਿਹਾ ਕਿ ਹੋਰ ਜਿਸ ਨੂੰ ਵੀ ਅੱਗੇ ਲਾ ਲਵੋ, ਨਵਜੋਤ ਸਿੰਘ ਸਿੱਧੂ ਤੇ ਸੁਖਜਿੰਦਰ ਸਿੰਘ ਰੰਧਾਵਾ ਜਾਂ ਸੁਨੀਲ ਜਾਖੜ ਨਹੀਂ ਬਣਨ ਦੇਣੇ। ਕਾਂਗਰਸ ਹਾਈ ਕਮਾਂਡ ਨੂੰ ਇਸ ਉੱਤੇ ਝੁਕਣਾ ਪਿਆ ਤਾਂ ਚਰਨਜੀਤ ਸਿੰਘ ਚੰਨੀ ਦਾ ਗੁਣਾ ਪੈ ਗਿਆ, ਜਿਸ ਦਾ ਇਸ ਅਹੁਦੇ ਲਈ ਅੱਗੇ ਕਦੀ ਨਾਂਅ ਨਹੀਂ ਸੀ ਸੁਣਿਆ, ਪਰ ਖੇਡ ਵਿਗਾੜਨ ਦਾ ਅਗਲਾ ਰਾਹ ਕੈਪਟਨ ਧੜੇ ਤੋਂ ਵੱਧ ਕੈਪਟਨ-ਵਿਰੋਧੀਆਂ ਨੇ ਇਸ ਤਰ੍ਹਾਂ ਫੜ ਲਿਆ ਹੈ ਕਿ ਜੇ ਉਹ ਨਾ ਸੁਧਰੇ ਤਾਂ ਸਰਕਾਰ ਤੇ ਪਾਰਟੀ ਦੋਵਾਂ ਨੂੰ ਲੈ ਬੈਠਣਗੇ। ਮੁੱਖ ਮੰਤਰੀ ਤਾਂ ਮੁੱਖ ਮੰਤਰੀ ਹੁੰਦਾ ਹੈ, ਜਿੰਨੀ ਦੇਰ ਚਰਨਜੀਤ ਸਿੰਘ ਚੰਨੀ ਨੂੰ ਇਹ ਅਹੁਦਾ ਨਹੀਂ ਸੀ ਮਿਲਿਆ, ਓਦੋਂ ਤੱਕ ਹੋਰ ਗੱਲ ਸੀ, ਮੁੱਖ ਮੰਤਰੀ ਬਣਨ ਪਿੱਛੋਂ ਉਸ ਨੂੰ ਕੰਮ ਵੀ ਕਰਨ ਦੇਣਾ ਚਾਹੀਦਾ ਹੈ, ਪਰ ਉਸ ਨੂੰ ਮੁੱਖ ਮੰਤਰੀ ਬਣਾਉਣ ਵਾਲੀ ਟੋਲੀ ਆਮ ਲੋਕਾਂ ਨੂੰ ਇਹ ਦੱਸਣ ਰੁੱਝੀ ਹੋਈ ਹੈ ਕਿ ਇਸ ਨੂੰ ਬਣਾਇਆ ਅਸੀਂ ਹੈ ਤਾਂ ਚਲਾਉਂਦੇ ਵੀ ਅਸੀਂ ਹਾਂ। ਇਸ ਨਾਲ ਚਰਨਜੀਤ ਸਿੰਘ ਚੰਨੀ ਦੀ ਪੁਜ਼ੀਸ਼ਨ ਕਮਜ਼ੋਰ ਹੁੰਦੀ ਜਾ ਰਹੀ ਹੈ ਅਤੇ ਜੇ ਇਹ ਹੋਰ ਕਮਜ਼ੋਰ ਹੋਈ ਤਾਂ ਇਸ ਦਾ ਲਾਭ ਅਕਾਲੀ ਦਲ, ਆਮ ਆਦਮੀ ਪਾਰਟੀ ਜਾਂ ਫਿਰ ਪਾਰਟੀ ਵਿਚਲੇ ਕੈਪਟਨ ਧੜੇ ਨੂੰ ਹੋਵੇਗਾ। ਇਹ ਗੱਲ ਉਹ ਟੀਮ ਨਹੀਂ ਸੋਚਦੀ।

ਸਥਿਤੀ ਦਾ ਦੂਸਰਾ ਪੱਖ ਇਹ ਹੈ ਕਿ ਭਾਜਪਾ ਅਜੇ ਤੱਕ ਪੰਜਾਬ ਵਿੱਚ ਆਪਣੇ ਪੈਰ ਨਹੀਂ ਲਾ ਸਕੀ ਤੇ ਲਾਉਣ ਦੀ ਹਾਲੇ ਗੁੰਜਾਇਸ਼ ਵੀ ਕੋਈ ਨਹੀਂ ਲੱਗਦੀ, ਪਰ ਕਾਂਗਰਸ ਲਈ ਮੈਦਾਨ ਖਾਲੀ ਨਹੀਂ। ਆਮ ਆਦਮੀ ਪਾਰਟੀ ਵਿੱਚ ਇਸ ਦੇ ਕੌਮੀ ਕਨਵੀਨਰ ਦੀਆਂ ਗਲਤ ਗਿਣਤੀਆਂ ਕਾਰਨ ਅਜੇ ਤੱਕ ਕਈ ਤਰ੍ਹਾਂ ਦੀਆਂ ਉਲਝਣਾਂ ਹਨ, ਪਰ ਉਲਝਣਾਂ ਹੁੰਦੇ ਹੋਏ ਵੀ ਇਸ ਵੇਲੇ ਆਮ ਲੋਕਾਂ ਵਿੱਚ ਇਸ ਪਾਰਟੀ ਵੱਲ ਇੱਕ ਖਾਸ ਤਰ੍ਹਾਂ ਦੀ ਖਿੱਚ ਮੌਜੂਦ ਹੈ। ਪਾਰਟੀ ਦੀ ਹਾਈ ਕਮਾਨ ਅੱਜ ਉਲਝਣਾਂ ਦੂਰ ਕਰ ਕੇ ਸਿੱਧੇ ਮੂੰਹ ਚੱਲ ਪਵੇ ਤਾਂ ਇਹ ਪਾਰਟੀ ਚੋਖੀ ਖੱਟੀ ਖੱਟ ਰਹੀ ਜਾਪਦੀ ਹੈ, ਪਰ ਬਦਕਿਸਮਤੀ ਨਾਲ ਕੇਜਰੀਵਾਲ ਸਾਹਿਬ ਨੇ ਕੀ ਕਰਨਾ ਹੈ, ਸ਼ਾਇਦ ਖੁਦ ਉਸ ਨੂੰ ਵੀ ਬਹੁਤੀ ਵਾਰ ਪਤਾ ਨਹੀਂ ਹੁੰਦਾ ਅਤੇ ਸੋਚਾਂ ਵਿੱਚ ਵਕਤ ਲੰਘਾ ਕੇ ਆਖਰੀ ਵਕਤ ਅਟਕਲ-ਪੱਚੂ ਚਾਲਾਂ ਚੱਲਣ ਲੱਗਦਾ ਹੈ। ਜਿਹੜੀ ਗੱਲ ਬਾਰੇ ਕਾਂਗਰਸ, ਆਮ ਆਦਮੀ ਪਾਰਟੀ ਤੇ ਭਾਜਪਾ ਦੇ ਲੀਡਰ ਅਜੇ ਤੱਕ ਇਹ ਸੋਚ ਕੇ ਅਵੇਸਲੇ ਹਨ ਕਿ ਆਮ ਲੋਕਾਂ ਨੇ ਉਸ ਪਾਰਟੀ ਨੂੰ ਮੂੰਹ ਹੀ ਨਹੀਂ ਲਾਉਣਾ, ਪਿਛਲੇ ਦਿਨਾਂ ਦੀ ਸਰਗਰਮੀ ਵਿੱਚ ਉਸ ਅਕਾਲੀ ਦਲ ਦੀਆਂ ਰੈਲੀਆਂ ਤੇ ਹੋਰ ਪ੍ਰੋਗਰਾਮਾਂ ਵਿੱਚ ਭੀੜ ਅੱਗੇ ਨਾਲੋਂ ਵਧਣ ਲੱਗ ਪਈ ਹੈ। ਜਦੋਂ ਉਨ੍ਹਾਂ ਦੀ ਹਰ ਰੈਲੀ ਤੇ ਹਰ ਮਾਰਚ ਦੇ ਵਕਤ ਕਿਸਾਨਾਂ ਨਾਲ ਜਾਂ ਕਿਸੇ ਹੋਰ ਪੰਥਕ ਧਿਰ ਸਿੱਧਾ ਪੇਚਾ ਪੈਣ ਦਾ ਖਤਰਾ ਹੋਵੇ, ਉਸ ਵਕਤ ਵੀ ਜੇ ਇਸ ਪਾਰਟੀ ਦੇ ਪ੍ਰੋਗਰਾਮਾਂ ਵਿੱਚ ਲੋਕਾਂ ਦੀ ਭੀੜ ਵਧਦੀ ਹੈ ਤਾਂ ਇਸ ਨੂੰ ਨੋਟ ਕਰਨਾ ਚਾਹੀਦਾ ਹੈ। ਆਮ ਆਦਮੀ ਇਹ ਨਹੀਂ ਸੋਚਦਾ ਹੁੰਦਾ ਕਿ ਸੁਖਬੀਰ ਸਿੰਘ ਬਾਦਲ ਦੇ ਬਿਆਨਾਂ ਵਿੱਚ ਅਟਪਟੀਆਂ ਗੱਲਾਂ ਕਿੰਨੀਆਂ ਹਨ, ਜਦੋਂ ਆਮ ਲੋਕ ਰਾਜ ਕਰਦੀ ਧਿਰ ਦੇ ਮੁਕਾਬਲੇ ਦਾ ਬਦਲ ਲੱਭਣ ਤੁਰ ਪੈਣ ਤਾਂ ਉਹ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਅੱਖੋਂ ਪਰੋਖੇ ਕਰ ਕੇ ਉਸ ਪਾਰਟੀ ਨਾਲ ਵੀ ਤੁਰ ਪੈਂਦੇ ਹੁੰਦੇ ਹਨ, ਜਿਸ ਨੂੰ ਦਿਲੋਂ ਕਈ ਵਾਰੀ ਉਹ ਪਸੰਦ ਨਹੀਂ ਕਰਦੇ ਹੁੰਦੇ। ਏਦਾਂ ਹੁੰਦਾ ਅਸੀਂ ਕਈ ਵਾਰ ਵੇਖਿਆ ਹੈ। ਅਕਾਲੀ ਦਲ ਦੇ ਮਗਰ ਵੀ ਇਸ ਵਕਤ ਜਾਂਦੀ ਭੀੜ ਇਸ ਵੇਲੇ ਚੱਲ ਰਹੇ ਕਾਂਗਰਸੀ ਰਾਜ ਦਾ ਬਾਦਲ ਲੱਭਣ ਵਾਲੀ ਜਾਪਦੀ ਹੈ। ਅੱਜ ਕੇਜਰੀਵਾਲ ਆਪਣੀ ਪਾਰਟੀ ਦੀਆਂ ਉਲਝਣਾਂ ਖਤਮ ਕਰ ਕੇ ਇੱਕ ਠੋਸ ਨੀਤੀ ਲੋਕਾਂ ਮੂਹਰੇ ਰੱਖ ਕੇ ਚੱਲ ਪਵੇ ਤਾਂ ਸਥਿਤੀ ਉਸ ਵੱਲ ਨੂੰ ਝੁਕ ਸਕਦੀ ਹੈ, ਪਰ ਕਿਉਂਕਿ ਉਹ ਏਦਾਂ ਦਾ ਕੁਝ ਕਰ ਨਹੀਂ ਰਿਹਾ, ਇਸ ਲਈ ਮੌਜੂਦਾ ਸਥਿਤੀ ਵਿੱਚ ਆਮ ਲੋਕ ਰਾਜ ਕਰਦੀ ਧਿਰ ਦਾ ਬਦਲ ਲੱਭਣ ਲਈ ਕਿੱਧਰ ਨੂੰ ਖਿਸਕ ਸਕਦੇ ਹਨ, ਸਾਰਿਆਂ ਨੂੰ ਪਤਾ ਹੈ। ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਦੇ ਦੌਰਾਨ ਜਿਹੜਾ ਅਕਾਲੀ ਦਲ ਇੱਕ ਲੋਕ ਸਭਾ ਉੱਪ ਚੋਣ ਬੁਰੀ ਤਰ੍ਹਾਂ ਹਾਰ ਚੁੱਕਾ ਸੀ ਅਤੇ ਬੁਰੀ ਤਰ੍ਹਾਂ ਵੰਡਿਆ ਪਿਆ ਸੀ, ਅਕਾਲੀ ਦਲ ਦੇ ਸੱਤ ਧੜੇ ਸ੍ਰੀ ਅਕਾਲ ਤਖਤ ਨੂੰ ਸਮੱਰਪਿਤ ਹੋਣ ਦੇ ਬਹਾਨੇ ਹੇਠ ਪ੍ਰਕਾਸ਼ ਸਿੰਘ ਬਾਦਲ ਨੂੰ ਥੱਲੇ ਲਾਉਣਾ ਚਾਹੁੰਦੇ ਸਨ, ਉਸ ਵਕਤ ਤਿੰਨ ਵਿਧਾਨ ਸਭਾ ਚੋਣਾਂ ਵਿੱਚ ਉਹੀ ਇਕੱਲਾ ਬਾਦਲ ਧੜਾ ਦੋ ਸੀਟਾਂ ਜਿੱਤ ਕੇ ਬਹੁਤ ਵੱਡੀ ਧਿਰ ਬਣ ਗਿਆ ਸੀ। ਕਾਰਨ ਇਹ ਨਹੀਂ ਸੀ ਕਿ ਲੋਕਾਂ ਨੂੰ ਬਾਦਲ ਕੋਈ ਚੰਗਾ ਲੀਡਰ ਲੱਗਣ ਲੱਗ ਪਿਆ ਸੀ, ਅਸਲ ਇਹ ਸੀ ਕਿ ਬਾਦਲ ਉਸ ਵਕਤ ਰਾਜ ਕਰਦੀ ਧਿਰ ਦਾ ਬਦਲ ਪੇਸ਼ ਕਰਦਾ ਪਿਆ ਸੀ ਤੇ ਦੂਸਰੇ ਹੋਰਨਾਂ ਖੇਡਾਂ ਵਿੱਚ ਰੁੱਝੇ ਹੋਏ ਸਨ।

ਇਸ ਵੇਲੇ ਫਿਰ ਲੋਕਾਂ ਨੂੰ ਇੱਕ ਬਦਲ ਦੀ ਲੋੜ ਜਾਪਦੀ ਹੈ। ਕਾਂਗਰਸ ਪਾਰਟੀ ਅਜੇ ਵੀ ਇਸ ਵਹਿਮ ਵਿੱਚ ਹੈ ਕਿ ਸਾਡੇ ਮੁਕਾਬਲੇ ਦੀ ਕੋਈ ਧਿਰ ਹੀ ਨਹੀਂ ਤਾਂ ਅਸੀਂ ਭਾਵੇਂ ਛਿੱਤਰੀਂ ਦਾਲ ਵੰਡੀ ਜਾਈਏ, ਲੋਕਾਂ ਨੂੰ ਵੋਟ ਫਿਰ ਵੀ ਸਾਨੂੰ ਹੀ ਪਾਉਣੀ ਪੈਣੀ ਹੈ। ਅਮਲੀ ਵੀ ਏਸੇ ਝਾਕ ਵਿੱਚ ਬੇਰੀ ਹੇਠ ਜਾ ਸੁੱਤਾ ਸੀ ਕਿ ਬੇਰ ਜਦੋਂ ਵੀ ਡਿੱਗੇਗਾ ਤਾਂ ਮੇਰਾ ਮੂੰਹ ਖੁੱਲ੍ਹਾ ਵੇਖ ਕੇ ਏਸੇ ਵਿੱਚ ਡਿੱਗੇਗਾ। ਕਾਂਗਰਸ ਪਾਰਟੀ ਵੀ ਏਸੇ ਝਾਕ ਵਿੱਚ ਲੋਕਾਂ ਦੀ ਚਿੰਤਾ ਛੱਡ ਕੇ ਤਖਤ ਉੱਤੇ ਕਬਜ਼ੇ ਕਰਨ ਦੀ ਜੰਗ ਵਿੱਚ ਸਾਰਾ ਤਾਣ ਲਾਈ ਜਾਂਦੀ ਹੈ ਤੇ ਹੇਠੋਂ ਖਿਸਕਦੀ ਜਾਂਦੀ ਜ਼ਮੀਨ ਬਾਰੇ ਚਿੰਤਾ ਕਰ ਸਕਣੀ ਉਸ ਦੇ ਵੱਸ ਦੀ ਗੱਲ ਹੀ ਨਹੀਂ ਜਾਪਦੀ। ਕੁਰਸੀਆਂ ਦੀ ਇਹ ਖੇਡ ਕਾਂਗਰਸ ਪਾਰਟੀ ਨੂੰ ਲੈ ਬੈਠੇਗੀ, ਪਰ ਉਸ ਦਾ ਬਦਲ ਲੱਭਣ ਦੇ ਲਈ ਲੋਕ ਕਿਹੜੀ ਧਿਰ ਵਿੱਚ ਭਰੋਸਾ ਕਰਨਗੇ, ਇਹ ਕਹਿਣਾ ਅੱਜ ਦੀ ਘੜੀ ਔਖਾ ਹੁੰਦਿਆਂ ਵੀ ਹਾਲਾਤ ਜਿੱਧਰ ਜਾ ਰਹੇ ਹਨ, ਇਸ ਬਾਰੇ ਕਈ ਤਰ੍ਹਾਂ ਦੇ ਕਿਆਫੇ ਲਾਏ ਜਾ ਸਕਦੇ ਹਨ, ਫਿਰ ਵੀ ਅਸੀਂ ਲਾਵਾਂਗੇ ਨਹੀਂ। ਸਿਰਫ ਇਹ ਕਹਿ ਸਕਦੇ ਹਾਂ ਕਿ ਹੋਰ ਤਾਂ ਸਭ ਕੁਝ ਸੰਭਵ ਹੈ, ਪਰ ਜਿਹੜੀ ਗੱਲ ਕਹਿ ਕੇ ਕਾਂਗਰਸੀਆਂ ਨੇ ਕੈਪਟਨ ਅਮਰਿੰਦਰ ਸਿੰਘ ਦੇ ਕੋਲੋਂ ਕੁਰਸੀ ਛੁਡਾਈ ਹੈ, ਨਾ ਉਸ ਦਾ ਕੋਈ ਲਾਭ ਉਨ੍ਹਾਂ ਨੂੰ ਹੁੰਦਾ ਜਾਪਦਾ ਹੈ, ਨਾ ਕੈਪਟਨ ਦੇ ਮੋੜੇ ਦਾ ਰਾਹ ਖੁੱਲ੍ਹ ਸਕਣਾ ਹੈ।

# ਉਚੇਰੀਆਂ ਜਾਤੀਆਂ ਗੁਰਬਤ ਵਧਾਈ ਹੁਣ ਦਲਿਤਾਂ ਦੀ ਵਾਰੀ ਆਈ

ਆਓ ਵਿਚਾਰ ਕਰੀਏ

ਸਾਡੇ ਮੁਲਕ ਵਿੱਚ ਕਈ ਧਰਮ ਹਨ, ਕਈ ਉਪ ਧਰਮ ਹਨ, ਕਈ ਆਪ ਹੀ ਘੋਸ਼ਿਤ ਉਚੀਆਂ ਜਾਤੀਆਂ ਬਣੀਆਂ ਬੈਠੀਆਂ ਹਨ ਅਤੇ ਇਸ ਸਮਾਜ ਨੇ ਆਪ ਹੀਕਈ ਲੋਕਾਂ ਨੂੰ ਦਲਿਤ ਕਰਾਰ ਦਿੱਤਾਹੈ। ਕੁਲ ਮਿਲਾਕੇ ਐਸਾ ਪਿਆ ਲਗਦਾ ਹੈ ਕਿ ਇਹ ਸਮਾਜ ਮੁਢ ਕਦੀਮਾਂ ਤੋਂ ਹੀ ਅਮੀਰਾਂ ਅਤੇ ਗ਼ਰੀਬਾਂ ਵਿੱਚ ਵੰਡਿਆ ਪਿਆ ਹੈ। ਇਹ ਗੱਲ ਵੀ ਸਪਸ਼ਟ ਜਿਹੀ ਹੋ ਗਈ ਹੈ ਕਿ ਗਰੀਬਾਂ ਨੂੰ ਹੀ ਦਲਿਤ ਕਰਾਰ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਇਸ ਸਮਾਜ ਨੇ ਹੀ ਜਾਤੀਆਂ ਦੀ ਵੰਡ ਕਰ ਮਾਰੀ ਸੀ ਅਤੇ ਆਪ ਹੀ ਲੋਕਾਂ ਨੇ ਆਪਣੀਆਂ ਜਾਂਤੀਆਂ ਨੂੰ ਉਚਾ ਘੋਸ਼ਿਤ ਕਰ ਦਿੱਤਾ ਸੀ ਅਤੇ ਆਪ ਹੀ ਗਰੀਬਾਂ ਨੂੰ ਨੀਵੀਂਆਂ ਜਾਤੀਆਂ ਘੋਸ਼ਿਤ ਵੀ ਕਰ ਦਿੱਤਾ ਸੀ ਅਤੇ ਅਜ ਤਕ ਦਾ ਇਹ ਵਾਲਾ ਸਫਰ ਬਹੁਤ ਹੀ ਭਿਆਨਕ ਰਿਹਾ ਹੈ। ਇਸ ਸਮਾਜ ਵਿੱਚ ਗ਼ਰੀਬਾਂ ਨਾਲ ਬਹੁਤ ਹੀ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਇਹ ਵਿਦਿਆ ਵੀ ਜਦ ਦੀ ਆਈ ਹੈ ਇਹ ਵੀ ਉਚੇਰੀਆਂ ਜਾਂਤੀਆਂ ਲਈ ਹੀ ਪਹਿਲਾਂ ਆਈ ਸੀ ਅਤੇ ਬਹੁਤ ਹੀ ਦੇਰ ਬਾਅਦ ਜਾਕੇ ਇਹ ਗਰੀਬਾਂ ਤਕ ਵੀ ਪੁਜਦੀ ਕੀਤੀ ਗਈ ਹੈ ਅਤੇ ਹਾਲਾਂ ਤਕ ਵੀ ਉਚੇਰੀ ਵਿਦਿਆ ਇਤਨੀ ਮਹਿੰਗੀ ਹੈ ਕਿ ਗਰੀਬ ਲੋਕੁ ਹਾਲਾਂ ਵੀ ਆਪਣੇ ਬਚਿਆਂ ਨੂੰ ਵਾਜਬ ਵਿਦਿਆ, ਸਿਖਲਾਈ ਨਹੀਂ ਦਿਵਾ ਸਕਦੇ ਅਤੇ ਇਹੀ ਕਾਰਨ ਹੈ ਇਹ ਛੋਟੀਆਂ ਅਸਾਮੀਆ ਅੱਜ ਵੀ ਗਰੀਬਾਂ ਦੇ ਬਚਿਆਂ ਨੂੰ ਹੀ ਨਸੀਬ ਹੌਂਦੀਆਂ ਹਨ। ਅਤੇ ਘਟ ਤਨਖਾਹ ਹੋਣ ਕਾਰਲ ਇਹ ਵਿਚਾਰੇ ਗਰੀਬ ਹੀ ਰਹਿੰਦੇ ਹਨ।

ਅਸੀਂ ਦੇਖ ਰਹੇ ਹਾਂ ਕਿ ਅਜ ਤਕ ਜਿਤਨੇ ਵੀ ਵਡੇ ਅਹੁੰਦੇ ਸਰਕਾਰਾਂ ਦੇ ਦਰਬਾਰਾਂ ਵਿੱਚ ਰਹੇ ਹਨ ਇਹ ਵੀ ਅਮੀਰਾਂ ਪਾਸ ਹੀ ਰਹੇ ਹਨ ਅਤੇ ਗਰੀਬ ਵਿਚਾਰੇ ਇਸ ਮੁਲਕ ਵਿੱਚ ਚੌਕੀਦਾਰਾਂ ਦਕ ਦੀਆਂ ਅਸਾਮੀਆਂ ਤਕ ਹੀ ਪੁਜ ਸਕਦੇ ਰਹੇਹਨ।

ਅਸੀਂ ਇਹ ਵੀ ਦੇਖਿਆ ਹੈ ਕਿ ਗਰੀਬ ਦੀ ਗੁਰਬਤ ਹਮੇਸ਼ਾਂ ਹੀ ਵਧਦੀ ਰਹੀ ਹੈ ਅਤੇ ਇਕ ਵਾਰੀਂ ਜਿਹੜਾ ਵੀ ਘਰ ਗ਼ਰੀਬ ਹੋ ਗਿਆ ਫਿਰ ਉਸਦੀਆਂ ਸਾਰੀਆ ਦੀਆਂ ਸਾਰੀਆਂ ਪੀੜ੍ਹੀਆਂ ਗ਼ਰੀਬ ਹੀ ਰਹਿੰਦੀਆਂ ਹਨ ਅਤੇ ਇਹੀ ਕਾਰਨ ਹੈ ਗਰੀਬਾਂ ਦੀ ਗਿਣਤੀ ਕਦੀ ਵੀ ਘਟਦੀ ਨਹੀਂ ਹੈ ਵਧਦੀ ਹੀ ਰਹਿੰਦੀ ਹੈ। ਇਹ ਜੀਵਨ ਜਿਉਣਾਂਅਜ ਵਿਗਿਆਨ ਅਤੇ ਤਕਨਾਲੋਜੀ ਦੇ ਵਕਤਾਂ ਵਿੱਚ ਹੋਰ ਮਹਿੰਗਾ ਹੋ ਗਿਆ ਹੈ ਅਤੇ ਇਸ ਕਰਕੇ ਜਿਹੜੇ ਗਰੀਬ ਰਹਿ ਜਾਂਦੇ ਹਨ ਉਹ ਐਸਾ ਵੀ ਮਹਿਸੂਸ ਕਰਦੇ ਹਨ ਕਿ ਉਹ ਅਗੇ ਨਾਲੋਂ ਵੀ ਜ਼ਿਆਦਾ ਗ਼ਰੀਬ ਹੋਈ ਜਾਂਦੇ ਹਨ।

ਸਾਡੇ ਮੁਲਕ ਦੀ ਆਜ਼ਾਦੀ ਅਤੇ ਇਸ ਪਰਜਾਤੰਤਰ ਬਾਅਦ ਕਈ ਐਸੇ ਆਦਮੀ ਵੀ ਪ੍ਰਧਾਨ ਮੰਤਰੀ ਰਹੇ ਹਨ ਜਿਹੜੇ ਗਰੀਬ ਸਨ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਓਹ ਵੀ ਗੁਰਬਤ ਦੂਰ ਕਰਨ ਲਈ ਕੁਝ ਨਹੀਂ ਕਰ ਸਕੇ ਹਨ। ਗੁਰਬਤ ਵਧਦੀ ਹੀ ਰਹੀ ਹੈ ਅਤੇ ਗ਼ਰੀਬਾਂ ਦੀ ਗਿਣਤੀ ਵੀ ਵਧਦੀ ਹੀ ਰਹੀ ਹੈ ਅਤੇ ਅੱਜ ਅਸੀਂ ਐਸੀ ਸ਼ਰਮਨਾਕ ਪ੍ਰਸਿਥਿਤੀ ਤਕ ਪੁਜ ਗਏ ਹਾਂ ਕਿ ਸਾਡੀ ਕੁਲ ਆਬਾਦੀ ਦਾ ਤਿੰਨ ਚੌਥਾਈ ਹਿਸਾ ਗ਼ਰੀਬ ਹੋ ਗਿਆ ਹੈ। ਅਤੇ ਆਜ਼ਾਦੀ ਅਤੇ ਪਰਜਾਤੰਤਰ ਦੀ ਪੋਣੀ ਸਦੀ ਵਿੱਚ ਇਹ ਹਾਲ ਬਣ ਗਿਆ ਹੈ ਅਤੇ ਅਜ ਅਸੀਂ ਇਹ ਵੀ ਨਹੀਂ ਆਖ ਸਕਦੇ ਕਿ ਇਹ ਆਜ਼ਾਦੀ ਅਤੇ ਇਹ ਵਾਲਾ ਪਰਜਾਤੰਤਰ ਸਾਡੇ ਮੁਲਕ ਵਿੱਚ ਕੋਈ ਵਡੀ ਤਬਦੀਲੀ ਲਿਆ ਸਕਣਗੇ।

ਹੁਣ ਰਾਜਸੀ ਲੋਕਾਂ ਦੀ ਸਮਝ ਵਿੱਚ ਆ ਗਿਆ ਹੈ ਕਿ ਇਹ ਗਰੀਬਾਂ ਨੂੰ ਜਿਹੜਾ ਵੋਟਬੈਂਕ ਸਮਝਿਆ ਜਾਂਦਾ ਰਿਹਾ ਹੈ ਇਹ ਰਾਜਸੀ ਲੋਕਾਂ ਨੂੰ ਵੋਟ ਨਹੀਂ ਪਾਉਣਗੇ ਅਤੇ ਇਸ ਕਰਕੇ ਸਾਡੇ ਮੁਲਕ ਵਿੱਚ ਇਹ ਆਵਾਜ਼ ਉਠੀ ਹੈ ਕਿ ਸਾਡਾ ਅਗਲਾ ਪ੍ਰਧਾਨ ਮੰਤਰੀ ਕੋਈ ਦਲਿਤ ਹੋਣਾ ਚਾਹੀਦਾ ਹੈ ਅਤੇ ਦਲਿਤ ਲੋਕੀਂ ਇਹ ਵੀ ਆਖਣਗੇ ਕਿ ਅਗਰ ਇਹ ਪੋਣੀ ਸਦੀ ਮੁਲਕ ਦਾ ਪ੍ਰਧਾਨ ਮੰਤਰੀ ਕੋਈ ਅਮੀਰ ਜਾਂ ਉਚੇਰੀਅ ਾਂ ਜਾਤੀਆਂ ਦਾ ਹੀ ਰਹਿੰਦਾ ਰਿਹਾ ਹੈ ਤਾਂ ਇਕ ਪੋਣੀ ਸਦੀ ਹੁਣ ਦਲਿਤਾਂ ਅਤੇ ਗ਼ਰੀਬਾਂ ਦੀ ਵਾਰੀ ਆ ਜਾਣੀ ਚਾਹੀਦੀ ਹੈ। ਵੈਸੇ ਅਗਰ ਤਿੰਨਚੌਥਾਂਈ ਗਿਣਤੀ ਮੁਲਕ ਵਿੱਚ ਗਰੀਬਾਂ ਅਰਥਾਤ ਦਲਿਤਾ ਦੀ ਹੈ ਤਾਂ ਫਿਰ ਘਟੋ ਘਟ ਇਕ ਪੂਰੀ ਸਦੀ ਮੁਲਕ ਦਾ ਪ੍ਰਧਾਨ ਮੰਤਰੀ ਦਲਿਤਾਂ ਵਿਚੋਂ ਹੋਣਾ ਚਾਹੀਦਾ ਹੈ।

ਮੈਡਮ ਸੋਨੀਆਂ ਜੀ ਨੇ ਇਸ ਬਾਰੇ ਸੋਚਿਆ ਹੈ ਜਾਂ ਇਹ ਉਸਦੀ ਮਜਬੂਰੀ ਹੈ ਕਿ ਓਹ ਇਸ ਪਾਸੇ ਪਹਿਲਕਦਮੀ ਕਰ ਰਹੀ ਹੈ। ਉਸਨੇ ਪੰਜਾਬ ਦਾ ਮੁਖ ਮੰਤਰੀ ਇਕ ਦਲਿਤ ਬਣਾ ਹੀ ਦਿਤਾ ਹੈ ਅਤੇ ਇਹ ਵੀ ਪਿਆ ਲਗਦਾ ਹੈ ਕਿ ਅਗਰ ਕਾਂਗਰਸ ਦੀ ਕਮਾਨ ਸੋਨੀਆਂ ਪਾਸ ਹੀ ਰਹਿੰਦੀ ਹੈ ਅਤੇ ਜੀ 23 ਚੁਪ ਰਹਿੰਦਾ ਹੈ ਤਾਂ ਉਹ ਅਗਲਾ ਪ੍ਰਧਾਨ ਮੰਤਰੀ ਵੀ ਦਲਿਤ ਹੀ ਐਲਾਨ ਕਰ ਸਕਦੀ ਹੈ। ਮੋਨੀਆਂ ਜੀ ਜਾਣਦੇ ਹਨ ਕਿ ਹਾਲਾਂ ਉਸਦੇ ਬੇਟੇ ਰਾਹੁਲ ਦੀ ਵਾਰੀ ਨਹੀਂ ਬਣਦੀ ਲਗਦੀ ਅਤੇ ਇਸ ਲਈ ਅਗਲਾ ਪ੍ਰਧਾਨ ਮੰਤਰੀ ਕੋਈ ਦਲਿਤ ਹੀ ਬਣੇਗਾ। ਅਤੇ ਅਗਰ ਐਸਾ ਕਾਗਰਸ ਕਰਦੀ ਹੈ ਤਾ ਸਾਡੇ ਮੁਲਕ ਦੀ ਰਾਜਨੀਤੀ ਵਿੱਚ ਤੂਫ਼ਾਨ ਜਿਹਾ ਆ ਜਾਵੇਗਾ। ਸਾਡੇ ਮੁਲਕ ਦੀ ਸਿਆਸਤ ਵਿੱਚ ਇਹ ਪ੍ਰਧਾਨ ਮੰਤਰੀ ਬਣਨ ਵਾਲੇ ਲੋਕਾਂ ਦੀ ਕਤਾਰ ਪਹਿਲਾ ਹੀ ਵਖਰੀ ਬਣੀ ਪਈ ਹੈ ਅਤੇ ਇਹੀ ਵਿਅਕਤੀਵਿਸ਼ੇਸ਼ ਆਪਣੇ ਸਪੋਰਟਰ ਖੜੇ ਕਰਕੇ ਇੰਨ੍ਹਾਂ ਵਿਚੋਂ ਕੋਈ ਨਾ ਕੋਈ ਪ੍ਰਧਾਨ ਮੰਤਰੀ ਬਣਜਾਂਦਾ ਹੈ ਅਤੇ ਪੰਜ ਸਾਲ ਆਪਣੀ ਤਾਨਾਸ਼ਾਹੀ ਚਲਾਕੇ ਚਲਦਾ ਬਣਦਾ ਹੈ ਅਤੇ ਇਸ ਵਕਤ ਵੀ ਜਿਹੜੇਵਿਅਕਤੀਵਿਸ਼ੇਸ਼ ਸੰਭਾਵੀ ਪ੍ਰਧਾਨ ਮੰਤਰੀਆਂ ਦੀ ਕਤਾਰ ਵਿੱਚ ਹਨ ਉਹ ਲਗ ਭਗ ਸਾਰੇ ਹੀ ਉਚੇਰੀਆਂ ਜਾਤੀਆਂ ਦੇ ਹਨ ਅਤੇ ਦਲਿਤਾਂ ਵਿੱਚ ਜਿਹੜੇ ਹਨ ਉਹ ਅਮੀਰ ਹਨ ਅਤੇ ਦਲਿਤ ਨਹੀਂ ਅਖਵਾ ਸਕਦੇ ਹਨ।

ਕੁਝਪਏ ਆਖੀਏ ਪਿਛਲੀ ਪੋਣੀ ਸਦੀ ਇਸ ਮੁਲਕ ਉਤੇ ਉਚੀਆਂ ਜਾਤੀਆਂ ਦੇ ਪ੍ਰਧਾਨ ਮੰਤਰੀਆਂ ਦਾ ਰਾਜ ਰਿਹਾ ਹੈ ਅਤੇ ਅਸਾਂ ਦੇਖ ਵੀ ਲਿਅਆ ਹੈ ਕਿ ਇਹ ਓਬਚੀਆਂ ਜਾਤੀਆਂ ਦੇ ਪ੍ਰਧਾਨ ਮੰਤਰੀ ਇਸ ਮੁਲਕ ਦੇ ਦਲਿਤਾਂ ਅਤੇ ਗ਼ਰੀਬਾਂ ਨੂੰ ਬਤੋਰ ਵੋਟਬੈਂਕ ਵਰਤਦੇ ਰਹੇ ਹਨ ਅਤੇ ਆਜ਼ਾਦੀ ਅਤੇ ਇਹ ਵਾਲੇ ਪਰਜਾਤੰਤਰ ਨੇ ਇਸ ਮੁਲਕ ਦੀ ਕੁਲ ਆਬਾਦੀ ਦਾ ਤੀਜਾ ਹਿੱਸਾ ਗ਼ਰੀਬ ਕਰਕੇ ਰਖ ਦਿੱਤਾ ਹੈ। ਇਹ ਉਚੇਰੀਆ ਜਾਤੀਆਂ ਦਾ ਰਾਜ ਹੁਣਖਤਮ ਹੋਣਾ ਚਾਹੀਦਾ ਹੈ ਅਤੇ ਅਗਲੀ ਪੋਣੀ ਸਦੀ ਰਾਜ ਦਲਿਤਾਂ ਅਤੇ ਗਰੀਬਾਂ ਹਥ ਆਉਣਾ ਚਾਹੀਦਾ ਹੈ। ਇਹ ਜਿਹੜੀ ਵੀ ਪੰਜਾਬ ਅੰਦਰ ਰਿਵਾਇਤ ਸ਼ੁਰੂ ਕਰ ਦਿਤੀ ਗਈ ਹੈ ਇਹ ਅਗਲੀ ਵਾਰੀਂ ਤੋਂ ਮੁਲਕ ਦੀ ਰਾਜਧਾਨੀ ਅਰਥਾਤ ਸਾਡੀ ਪਾਰਲੀਮੈਂਟ ਵਿੱਚ ਵੀ ਕਾਇਮ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਸ਼੍ਰੀਮਤੀ ਸੋਨੀਆਂ ਗਾਂਧੀ ਹੀ ਕਰ ਸਕਦੀ ਹੈ। ਇਹ ਵਾਲਾ ਤਜਰਬਾ ਵੀ ਕਰਨਾ ਚਾਹੀਦਾ ਹੈ ਅਤੇ ਇਹ ਗਰੀਬ ਅਤੇ ਦਲਿਤ ਜਿਹੜੇ ਅਜ ਤਕ ਹੋਰਾਂ ਦਾ ਵੋਟ ਬੈਂਕ ਬਣੇ ਰਹੇ ਹਨ, ਇਹ ਆਪ ਰਾਜ ਕਰਨ ਅਤੇ ਫਿਰ ਦੇਖਦੇ ਹਾਂ ਇਹ ਗੁਰਬਤ ਕਿਸੇ ਤਰਾਂ ਘਟਦੀ ਹੈ, ਖਤਮ ਹੁੰਦੀ ਹੈ ਜਾਂ ਇਸੇ ਤਰ੍ਹਾਂ ਵਧਦੀ ਹੀ ਰਵੇਗੀ। ਅਸੀਂ ਅਗਰ ਹੁਣ ਤਕ ਤਜਰਬੇ ਹੀ ਕਰਦੇ ਰਹੇ ਹਾਂ ਤਾਂ ਇਹ ਵਾਲਾ ਤਜਰਬਾ ਵੀ ਕਰ ਦੇਖਣਾ ਚਾਹੀਦਾ ਹੈ।

*ਦਲੀਪ ਸਿੰਘ*
*ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ,ਪੰਜਾਬ 147001*
*ਫੋਨ- 0175 5191856*

# ਪੰਜਾਬ ਨੂੰ ਨਸ਼ਿਆਂ ਦੇ ਹੜ੍ਹ ਵਿਚ ਰੁੜ੍ਹਦੇ ਜਾ ਰਹੇ ਨੂੰ ਬਚਾਉਣ ਲਈ ਕੀ ਚੰਨੀ ਦੀ ਸਰਕਾਰ ਅੱਗੇ ਪੁੱਟੇਗੀ ਕਦਮ ?

ਸੱਚ ਕਰਕੇ ਜਾਣਿਉ ਪੰਜਾਬ ਨੂੰ ਅੱਜ ਬਹੁਤੇ ਵਿਕਾਸ ਦੀ ਜਰੂਰਤ ਨਹੀਂ ਵਿਨਾਸ਼ ਤੋਂ ਬਚਾਉਣ ਦੀ ਜਰੂਰਤ ਹੈ। ਅਗਰ ਚੰਨੀ ਦੀ ਸਰਕਾਰ ਨਸ਼ਿਆਂ ਨੂੰ ਨੱਥ ਪਾ ਦੇਵੇ ਤਾਂ ਸਮਝੋ ਇਹ ਇਕ ਕਾਮਯਾਬ ਮੁੱਖ ਮੰਤਰੀ ਸਾਬਤ ਹੋ ਸਕਦਾ ਹੈ। 100 ਦਿਨ ਦਾ ਕੋਈ ਘੱਟ ਸਮਾਂ ਨਹੀਂ। ਇੱਕ ਫਿਲਮ ਵਿੱਚ ਅਨਿਲ ਕਪੂਰ ਇਕ ਦਿਨ ਦਾ ਮੁੱਖ ਮੰਤਰੀ ਬਣਦਾ ਹੈ ਬਹੁਤ ਸਾਰੇ ਫੈਸਲੇ ਕਰਕੇ ਵਿਖਾਉਂਦਾ ਹੈ। ਬੇਸ਼ਕ ਫਿਲਮ ਇਕ ਚਲ ਚਿੱਤਰ ਮੰਨਿਆ ਜਾਂਦਾ ਹੈ, ਪਰ ਫ਼ਿਲਮਾਂ ਵਾਲੇ ਕਦੇ ਕਦੇ ਹਕੀਕਤ ਦੇ ਬਹੁਤ ਨਜ਼ਦੀਕੀ ਦ੍ਰਿਸ਼ ਪੇਸ਼ ਕਰਦੇ ਹਨ। ਨਸ਼ਿਆਂ ਦੇ ਹੜ੍ਹ ਵਿੱਚ ਰੁੜ੍ਹ ਰਹੇ ਪੰਜਾਬ ਨੂੰ ਬਚਾਉਣਾ ਅਤੀ ਜਰੂਰੀ ਹੈ। ਵਾਅਦੇ ਕਰਨੇ ਬਹੁਤ ਸੌਖੇ ਹਨ ਪਰ ਨਿਭਾਉਣੇ ਬਹੁਤ ਔਖੇ ਹੁੰਦੇ ਨੇ। ਨਸ਼ੇ ਨੂੰ ਨੱਥ ਪਾਉਣਾ ਸਮਝੋ ਸੱਪ ਦੇ ਮੂੰਹ ਵਿਚ ਹੱਥ ਪਾਉਣ ਵਾਲੀ ਗੱਲ ਹੈ, ਕਿਉਂਕਿ ਪੰਜਾਬ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ, ਇਹ ਵਿਸ਼ਵਵਿਆਪੀ ਨਸ਼ਾ ਤਸਕਰੀ ਨੈੱਟਵਰਕ ਦਾ ਬਹੁਤ ਵੱਡਾ ਕੇਂਦਰੀ ਗੰਢ ਸੰਡ ਹੈ। ਜੋ ਅਫਗਾਨਿਸਤਾਨ ਤੋਂ ਲੈ ਕੇ ਦੱਖਣ-ਪੂਰਬੀ ਏਸ਼ੀਆ ਅਤੇ ਉਤਰੀ ਅਮਰੀਕਾ ਤੇ ਪੱਛਮੀ ਅਫਰੀਕਾ ਤੱਕ ਫੈਲਿਆ ਹੋਇਆ ਹੈ। ਹਾਲਾਂਕਿ ਭਾਰਤ ਖੁਦ ਅਫੀਮ ਦਾ ਵੱਡਾ ਹਿੱਸਾ ਪੈਦਾ ਕਰਦਾ ਹੈ ਪਰ ਸੰਸਾਰ ਦੀ ਅਫੀਮ ਦਾ ਵੱਡਾ ਹਿੱਸਾ ਅਫਗਾਨਿਸਤਾਨ ਤੋਂ ਆਉਂਦਾ ਹੈ। ਅਫੀਮ ਤੋਂ ਤਿਆਰ ਕੀਤੀ ਹੈਰੋਇਨ ਵੀ ਇਥੋਂ ਹੀ ਆ ਰਹੀ ਹੈ। ਕਈ ਜ਼ਮੀਨੀ ਅਤੇ ਹਵਾਈ ਮਾਰਗਾਂ 'ਤੇ ਜ਼ਬਤ ਹੋਈਆਂ ਖੇਪਾਂ ਜੋ ਇਹ ਇਸ਼ਾਰਾ ਕਰਦੀਆਂ ਹਨ ਕਿ ਇਨ੍ਹਾਂ ਦੀ ਦੂਰ-ਦੂਰ ਤੱਕ ਪਹੁੰਚ ਹੈ। ਯੂਨਾਈਟਿਡ ਨੇਸ਼ਨਜ਼ ਆਫਿਸ ਆਫ ਡਰੱਗਜ਼ ਐਂਡ ਕ੍ਰਾਈਮ ਅਨੁਸਾਰ, ਕੈਨੇਡਾ ਨੇ ਨੋਟ ਕੀਤਾ ਹੈ ਕਿ ਇਸ ਦੀਆਂ ਮੰਡੀਆਂ ਵਿਚ ਹੈਰੋਇਨ ਭਾਰਤ ਤੇ ਪਾਕਿਸਤਾਨ ਤੋਂ ਆਉਂਦੀ ਹੈ। 2011 ਵਿਚ ਭਾਰਤੀ ਅਫਸਰਾਂ ਦੁਆਰਾ ਜ਼ਬਤ ਕੀਤੇ ਸਭ ਤੋਂ ਵੱਧ ਪਾਰਸਲ ਕੈਨੇਡਾ ਲਈ ਭੇਜੇ ਗਏ ਸਨ। ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੌਪਿਕ ਪਦਾਰਥ ਐਕਟ-1985 ਭਾਰਤ ਵਿਚ ਨਸ਼ਿਆਂ ਦੀ ਵਰਤੋਂ ਨਿਯਮਤ ਕਰਨ ਵਾਲਾ ਮੁੱਖ ਕਾਨੂੰਨ ਹੈ। ਐਨ.ਡੀ.ਪੀ.ਐਸ. ਐਕਟ ਅਧੀਨ ਪਦਾਰਥਾਂ ਦੀ ਇਕ ਸ਼੍ਰੇਣੀ ਤੈਅ ਕੀਤੀ ਗਈ ਹੈ ਅਤੇ ਇਨ੍ਹਾਂ ਨੂੰ ਸਖਤ ਕੰਟਰੋਲ ਹੇਠ ਲਿਆਂਦਾ ਗਿਆ ਹੈ ਜਿਸ ਨਾਲ ਇਨ੍ਹਾਂ ਪਦਾਰਥਾਂ ਦੀ ਖਪਤ ਜਾਂ ਤਸਕਰੀ ਫੌਜਦਾਰੀ ਜੁਰਮ ਮੰਨੀ ਗਈ ਹੈ। ਹਾਲਾਂਕਿ ਐਸੇ ਪਦਾਰਥਾਂ ਦੀ ਵਰਤੋਂ ਦੀਆਂ ਬਿਮਾਰੀਆਂ ਸਮੇਤ ਕਈ ਸਿਹਤ ਸਮੱਸਿਆਵਾਂ ਦੇ ਇਲਾਜ ਲਈ ਬਹੁਤ ਸਾਰੀਆਂ ਨਿਯੰਤਰਿਤ ਫਾਰਮਾਸਿਊਟੀਕਲ ਦਵਾਈਆਂ ਜ਼ਰੂਰੀ ਹਨ। ਨਸ਼ੀਲੇ ਪਦਾਰਥਾਂ ਦੇ ਪੂਰਵ-ਰਸਾਇਣ ਜੋ ਵੱਖ-ਵੱਖ ਦਵਾਈਆਂ ਅਤੇ ਹੋਰ ਉਤਪਾਦਾਂ ਲਈ ਵਰਤੇ ਜਾਂਦੇ ਹਨ ਪਰ ਇਹ ਨਾਜਾਇਜ਼ ਦਵਾਈਆਂ ਲਈ ਵੀ ਵਰਤੇ ਜਾਂਦੇ ਹਨ। ਇਨ੍ਹਾਂ ਦੀ ਕਈ ਪ੍ਰਕਾਰ ਦੀ ਜਾਇਜ਼ ਵਰਤੋਂ ਹੁੰਦੀ ਹੈ ਜੋ ਅਗਾਂਹ ਕਾਨੂੰਨ ਲਾਗੂ ਕਰਨ ਵਿਚ ਚੁਣੌਤੀਆਂ ਪੈਦਾ ਕਰਦੀ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਇਸ ਦੇ ਪ੍ਰਭਾਵਾਂ ਦਾ ਭਾਰਤ ਵਿਚ ਚੰਗੀ ਤਰ੍ਹਾਂ ਦਸਤਾਵੇਜ਼ੀਕਰਨ ਨਹੀਂ ਕੀਤਾ ਜਾਂਦਾ ਅਤੇ ਅਧਿਕਾਰਤ ਅੰਕੜੇ ਸਾਹਮਣੇ ਆਉਣੇ ਮੁਸ਼ਕਿਲ ਹਨ। ਨਸ਼ਿਆਂ ਦੀ ਵਰਤੋਂ ਬਾਰੇ ਨੀਤੀਆਂ ਦਾ ਆਧਾਰ ਤਿਆਰ ਕਰਨ ਲਈ 2004 ਵਿਚ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ (7589155501)

ਸਰਵੇਖਣ ਕੀਤਾ ਗਿਆ ਸੀ ਪਰ ਇਸ ਦੀਆਂ ਵੱਖ-ਵੱਖ ਸੀਮਾਵਾਂ ਸਨ, ਇਸ ਵਿਚ ਇਕੱਲੇ ਮਰਦ ਖਪਤਕਾਰਾਂ 'ਤੇ ਧਿਆਨ ਕੇਂਦਰਤ ਕਰਨਾ ਅਤੇ ਜਾਣਕਾਰੀ ਨੂੰ ਸੂਬਿਆਂ ਅਨੁਸਾਰ ਵੱਖ-ਵੱਖ ਕਰਨ ਦੀ ਅਣਹੋਂਦ ਸ਼ਾਮਲ ਹੈ। 2016 ਵਿਚ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਨੇ ਇਨ੍ਹਾਂ ਵਿਚੋਂ ਕੁਝ ਘਾਟਾਂ ਦੂਰ ਲਈ ਨਸ਼ੇ ਦੇ ਤੱਤ ਵਾਲੇ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਕੌਮੀ ਸਰਵੇਖਣ ਕਰਵਾਇਆ। 2019 ਵਿਚ ਪ੍ਰਕਾਸ਼ਿਤ ਹੋਏ ਇਸ ਸਰਵੇਖਣ ਅਨੁਸਾਰ, ਉਤਰ ਪ੍ਰਦੇਸ਼ ਅਤੇ ਪੰਜਾਬ ਇਨ੍ਹਾਂ ਪਦਾਰਥਾਂ ਦੀ ਦੁਰਵਰਤੋਂ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਹਨ। ਸ਼ਰਾਬ ਤੋਂ ਬਾਅਦ ਅਫੀਮ ਅਤੇ ਭੰਗ, ਦੋ ਸਭ ਤੋਂ ਜ਼ਿਆਦਾ ਵਰਤੇ ਜਾਣ ਵਾਲੇ ਪਦਾਰਥ ਸਨ ।ਪਰ ਹੁਣ ਹੈਰੋਇਨ ਤੇ ਕੋਕੀਨ ਵੀ ਦੀ ਵਰਤੋਂ ਉਹਨਾਂ ਤੋਂ ਵੀ ਜਿਆਦਾ ਕੀਤੀ ਜਾ ਰਹੀ ਹੈ। ਪੰਜਾਬ ਵਿਚ ਨਸ਼ਿਆਂ ਦੇ ਖਾਤਮੇ ਨਾਲ ਨਜਿੱਠਣਾ ਹਮੇਸ਼ਾ ਚੁਣੌਤੀਪੂਰਨ ਕਾਰਜ ਰਿਹਾ ਹੈ। ਇਹ ਸਮੱਸਿਆ ਇਕ ਮਸ਼ਹੂਰ ਬਾਲੀਵੁੱਡ ਫਿਲਮ ਦਾ ਵਿਸ਼ਾ ਰਹੀ ਹੈ ਅਤੇ ਇਸ ਨੇ ਸੂਬੇ ਦੀਆਂ ਕਈ ਚੋਣ-ਲੜਾਈਆਂ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ। ਐਸ.ਟੀ.ਐਫ. ਨੇ ਸਿਰਫ 2018 ਵਿਚ ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਕਾਰਨ 111 ਮੌਤਾਂ ਦਰਜ ਕੀਤੀਆਂ ਪਰ ਅਸਲ ਗਿਣਤੀ ਬਹੁਤ ਜ਼ਿਆਦਾ ਹੋਣ ਦੀ ਸੰਭਾਵਨਾ ਹੈ। ਅਨੁਰਾਗ ਅਗਰਵਾਲ ਜੋ ਉਸ ਸਮੇਂ ਪੰਜਾਬ ਦੇ ਮੁੱਖ ਸਕੱਤਰ (ਸਿਹਤ) ਸਨ, ਨੇ ਦੱਸਿਆ, "ਅਜਿਹੀਆਂ ਮੌਤਾਂ ਦੀ ਅਸਲ ਸੰਖਿਆ ਬਹੁਤ ਜ਼ਿਆਦਾ ਹੈ, ਤੇ ਇਨ੍ਹਾਂ ਦਾ ਕਦੇ ਵੀ ਪਤਾ ਨਹੀਂ ਲਗਾਇਆ ਜਾ ਸਕਦਾ, ਕਿਉਂਕਿ ਨਸ਼ੇ ਦੀ ਆਦਤ ਸਮਾਜਿਕ ਕਲੰਕ ਮੰਨੇ ਜਾਣ ਕਾਰਨ ਸੋਗ 'ਚ ਡੁੱਬੇ ਪਰਿਵਾਰ ਖੁਲਾਸਾ ਨਹੀਂ ਕਰਦੇ।" ਨਾੜਾਂ 'ਚ ਨਸ਼ੀਲੇ ਟੀਕੇ ਲਾਉਣ ਵਾਲੇ ਨਸ਼ੇੜੀ ਐਚ.ਆਈ.ਵੀ. ਅਤੇ ਹੈਪੇਟਾਈਟਸ ਸੀ ਵਰਗੀਆਂ ਬਿਮਾਰੀਆਂ ਸਹੇੜਨ ਲਈ ਵੀ ਅਤਿ-ਸੰਵੇਦਨਸ਼ੀਲ ਹੁੰਦੇ ਹਨ। ਸੂਬਾ ਸਰਕਾਰ ਨੇ ਮਰੀਜ਼ਾਂ ਲਈ 199 'ਓਟ' ਕਲੀਨਿਕ, 35 ਸਰਕਾਰੀ ਨਸ਼ਾ ਛੁਡਾਊ ਕੇਂਦਰ ਅਤੇ ਸੈਂਕੜੇ ਲਾਇਸੈਂਸਸ਼ੁਦਾ ਪ੍ਰਾਈਵੇਟ ਨਸ਼ਾ ਛਡਾਊ ਸਹੂਲਤ ਕੇਂਦਰ ਸ਼ੁਰੂ ਕੀਤੇ। ਪੰਜਾਬ ਦੇ ਸਭ ਤੋਂ ਵੱਧ ਆਬਾਦੀ ਵਾਲੇ ਜ਼ਿਲ੍ਹੇ ਲੁਧਿਆਣਾ ਵਿਚ ਸਭ ਤੋਂ ਵੱਧ ਨਸ਼ਾ ਕਰਨ ਵਾਲੇ ਰਜਿਸਟਰਡ ਮਰੀਜ਼ ਹਨ। ਇਸ ਤੋਂ ਬਾਅਦ ਮੋਗਾ ਅਤੇ ਤਰਨ ਤਾਰਨ ਆਉਂਦੇ ਹਨ। ਇਕੱਲੇ ਲੁਧਿਆਣਾ ਵਿਚ ਹੀ 23 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ, ਤਿੰਨ ਸਰਕਾਰੀ ਨਸ਼ਾ ਛੁਡਾਊ ਕੇਂਦਰ, 17 ਸਰਕਾਰੀ 'ਓਟ' ਕਲੀਨਿਕ ਅਤੇ ਤਿੰਨ 'ਓਟ' ਵਰਗੇ ਇਲਾਜ ਕੇਂਦਰ ਹਨ। ਤਰਨ ਤਾਰਨ ਦੇ ਜ਼ਿਲ੍ਹਾ ਸਿਵਲ ਹਸਪਤਾਲ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਹਸਪਤਾਲ ਵਿਚ ਬੁਪਰੇਨੋਰਫਾਈਨ ਲੈਣ ਆਉਂਦੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਇਹ ਨਸ਼ੀਲਾ ਪਦਾਰਥ ਨਸ਼ੇ ਦੀ ਆਦਤ ਸਮੇਤ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਹੁਣ ਵੇਖਣਾ ਹੋਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਤਲਵੰਡੀ ਸਾਬੋ ਵਿੱਚ ਬਹੁਤ ਵੱਡੀ ਰੈਲੀ ਕਰਕੇ ਨਸ਼ਾ ਚਾਰ ਹਫਤਿਆਂ ਵਿੱਚ ਖਤਮ ਕਰਨ ਦੀ ਗੱਲ ਕੀਤੀ ਸੀ। ਉਹ ਤਾਂ ਪਟਾਕਾ ਠੁੱਸ ਹੋ ਗਿਆ ਹੈ। ਚਾਰ ਹਫਤੇ ਤਾਂ ਕੀ ਸਾਢੇ ਚਾਰ ਸਾਲਾਂ ਵਿੱਚ ਵੀ ਨਹੀਂ ਕਰ ਸਕਿਆ। ਉਹ ਤਾਂ ਚਲਦੇ ਬਣੇ। ਹੁਣ ਵਾਂਗਡੋਰ ਚਰਨਜੀਤ ਸਿੰਘ ਚੰਨੀ ਜੀ ਦੇ ਹੱਥ ਵਿੱਚ ਆ ਗਈ ਹੈ। "18 ਸੂਤਰੀ ਏਜੰਡੇ ਤਹਿਤ ਨਸ਼ਿਆਂ ਦੇ ਵਪਾਰ ਪਿੱਛੇ ਕੰਮ ਕਰਦੇ ਦੋਸ਼ੀਆਂ ਨੂੰ ਸਜ਼ਾ ਦੇਣਾ ਕਾਂਗਰਸ ਦੀ ਤਰਜੀਹ ਹੈ। ਕੀ ਸੱਚੀ ਮੁੱਚੀ ਚੰਨੀ ਦੀ ਸਰਕਾਰ ਪੰਜਾਬ ਦੇ ਨਸ਼ੇੜੀਆਂ ਨੂੰ ਨਸ਼ੇ ਦੀ ਦਲਦਲ ਵਿੱਚੋ ਫਸਿਆ ਨੂੰ ਕਢਣ ਵਿੱਚ ਕਾਮਯਾਬ ਹੋਵੇਗੀ ਜਾਂ ਫਿਰ ਟਾਈਮ ਪਾਸ ਕਰਕੇ ਚਲਦੀ ਬਣੇਗੀ।

# ਕੇਂਦਰ ਅਤੇ ਸੂਬਿਆਂ ਵਿੱਚ ਗਣਿਤ ਯੂਨੀਵਰਸਿਟੀ ਦੀ ਸਥਾਪਨਾ ਦੀ ਲੋੜ

ਭਾਰਤ ਵਿੱਚ ਸਦਾ ਤੇ ਬੁੱਧੀਜੀਵੀ ਜਨਮ ਲੈਂਦੇ ਆ ਰਹੇ ਹਨ। ਰਾਮਾਨੁਜਨ ਅਤੇ ਆਰੀਆ ਭੱਟ ਵਰਗੇ ਮਹਾਨ ਗਣਿਤ ਵਿਗਿਆਨੀ ਹੋਏ ਹਨ। ਉਨ੍ਹਾਂਨੇ ਗਣਿਤ ਦੀ ਖੋਜ਼ ਕਰਕੇ ਭਾਰਤ ਨੂੰ ਅਲੱਗ ਪਹਿਚਾਣ ਦਿੱਤੀ ਹੈ। ਸਮੇਂ ਨਾਲ ਇਸ ਵਿਸ਼ੇ ਦਾ ਬਹੁਤ ਵਿਕਾਸ ਹੋਇਆ ਹੈ। ਪਰ ਅਜੇ ਵੀ ਬਹੁਤ ਸਾਰੇ ਵਿਦਿਆਰਥੀ ਇਸ ਵਿਸ਼ੇ ਵਿੱਚ ਦਿਲਚਸਪੀ ਨਹੀਂ ਲੈਂਦੇ ਹਨ। ਉਹ ਇਸ ਵਿਸ਼ੇ ਨੂੰ ਅੱਖਾ, ਗੁੰਝਲਦਾਰ ਤੇ ਬਰਿੰਗ ਦੱਸਦੇ ਹਨ। ਜਿਸ ਦਾ ਪ੍ਰਮੁੱਖ ਕਾਰਨ ਵਿਦਿਆਰਥੀ, ਮਾਪੇ ਤੇ ਵਿਦਿਆਰਥੀਆਂ ਦੇ ਸੰਪਰਕ ਵਿੱਚ ਆਉਣ ਵਾਲੇ ਹਰ ਇਨਸਾਨ ਦੀ ਗਣਿਤ ਵਿਸ਼ੇ ਵਿੱਚ ਅਗਿਆਨਤਾਹੈ।ਨਾ ਸਿਰਫ ਵਿਦਿਆਰਥੀ ਬਲਕਿ ਅਧਿਆਪਕ ਵੀ ਇਸ ਵਿਸ਼ੇ ਨੂੰ ਵਿਦਿਆਰਥੀਆਂ ਸਾਹਮਣੇ ਅੱਖ ਰੂਪ ਨਾਲ ਪੇਸ਼ ਕਰ ਪਾਉਂਦੇ ਹਨ। ਵਿੱਦਿਆਰਥੀਆਂ ਨੂੰ ਗਣਿਤ ਵਿਸ਼ੇ ਵੱਲ ਪ੍ਰੇਰਿਤ ਕਰਨ ਲਈ ਉਨ੍ਹਾਂ ਨੂੰ ਗਣਿਤ ਵਿਸ਼ੇ, ਇਸ ਦੇ ਤੱਤਾਂ, ਗਣਿਤ ਕੋਰਸਾਂ, ਗਣਿਤ ਖੇਤਰ ਵਿੱਚ ਨੌਕਰੀਆਂ ਅਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਗਿਆਨ ਦੇਣਾ ਅਤਿ ਜ਼ਰੂਰੀ ਹੋ ਚੁੱਕਾ ਹੈ। ਇਸ ਲਈ ਗਣਿਤ ਵਿਸ਼ੇ ਦੀ ਮਹੱਤਤਾ ਨੂੰ ਸਮਝਦੇ ਹੋਏ ਅਤੇ ਵਿਦਿਆਰਥੀਆਂ ਤੱਕ ਇਸ ਦੀ ਮਹੱਤਤਾ ਦਾ ਗਿਆਨ ਪਹੁੰਚਾਉਣ ਲਈ ਗਣਿਤ ਹਫ਼ਤੇ, ਗਣਿਤ ਮਹੀਨੇ, ਗਣਿਤ ਸਾਲ ਮਨਾਉਣ ਦੀ ਲੋੜ ਹੈ ।ਇਸ ਵਿਸ਼ੇ ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਇਸ ਵਿਸ਼ੇ ਨਾਲ ਗਿਆਨ ਭਰਪੂਰ ਲੋਕ ਹੋਣ , ਜਗਾ ਹੋਵੇ, ਸੰਸਥਾ ਹੋਵੇ।ਜਿਨਾਂ ਦਾ ਧਿਆਨ ਸਿਰਫ਼ ਇਸ ਵਿਸ਼ੇ ਵਿੱਚ ਹੋਵੇ। ਗਣਿਤ ਵਿਸ਼ੇ ਨਾਲ ਸੰਬੰਧਿਤ ਬੁੱਧੀਜੀਵੀ, ਮਾਹਿਰਾਂ, ਸੰਬੰਧਿਤ ਗਣਿਤ ਸਮੱਗਰੀ, ਗਣਿਤ ਸਾਹਿਤ ਆਦਿ ਗਣਿਤ ਤੱਤਾਂ ਦੀ ਉਪਲੱਬਧਤਾ ਇੱਕੋ ਜਗਾ ਕਰਵਾਉਣ ਲਈ ਗਣਿਤ ਯੂਨੀਵਰਸਿਟੀ ਦਾ ਨਿਰਮਾਣ ਅਲੱਗ ਤੋਂ ਹੋਵੇ। ਜਿਥੇ ਗਣਿਤ ਨੂੰ ਸੌਖਾ, ਦਿਲਚਸਪ ਬਣਾਉਣ ਦੇ ਤਰੀਕੇ ਖੋਜੇ ਜਾ ਸਕਦੇ ਹਨ। ਗਣਿਤ ਨਾਲ ਸੰਬੰਧਿਤ ਖੋਜਾਂ ਦੀ ਵੱਡੇ ਪੱਧਰ ਤੇ ਲੋੜ ਹੈ। ਇਹ ਕੰਮ ਸਿਰਫ ਅਤੇ ਸਿਰਫ ਗਣਿਤ ਯੂਨੀਵਰਸਿਟੀ ਵਿੱਚ ਹੀ ਸੰਭਵ ਹੈ। ਸਮੇਂ ਨੂੰ ਬਦਲਣ ਲਈ ਕੁਝ ਨਵਾਂ ਕਰਨ ਦੀ ਲੋੜ ਹੈ। ਗਣਿਤ ਦੀ ਮੰਗ ਅੱਜ ਬਹੁਤ ਜ਼ਿਆਦਾ ਹੈ। ਇਸ ਦੇ ਬਿਨਾਂ ਹਰ ਜ਼ਿੰਦਗੀ, ਹਰ ਰਾਜ ਤੇ ਹਰ ਦੇਸ਼ ਅਧੂਰਾ ਹੈ। ਕੁੱਝ ਇਸ ਤਰ੍ਹਾਂ ਦੀਆਂ ਕਿਤਾਬਾਂ ਤੇ ਮਾਹਿਰ ਹੋਣੇ ਚਾਹੀਦੇ ਹਨ, ਜੋ ਇਸ ਵਿਸ਼ੇ ਨੂੰ ਸੁਖਾਲਾ ਬਣਾਉਣ। ਬੱਚਿਆਂ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ ਕਿ ਪੜਨ ਦਾ ਅਸਲੀ ਮਕਸਦ ਕਿ ਹੈ। ਜਿਵੇਂ ਅਲਜਬਰਾ, ਤਿਕੋਣਮਿਤੀ ਆਦਿ। ਇਹ ਯੂਨੀਵਰਸਿਟੀ ਸਮੇਂ-ਸਮੇਂ ਤੇ ਉਨ੍ਹਾਂ ਮਾਹਿਰਾਂ ਨੂੰ ਸਕੂਲਾਂ ਤੇ ਕਾਲਜਾਂ ਵਿੱਚ ਭੇਜ ਕੇ ਅਧਿਆਪਕਾਂ ਤੇ ਵਿੱਦਿਆਰਥੀਆਂ ਨੂੰ ਸਮੇਂ-ਸਮੇਂ ਤੇ ਗਾਈਡ ਵੀ ਕਰ ਸਕਦੀ ਹੈ। ਪਰ ਜਦੋਂ ਉਹ ਉਸ ਦੀ ਅਸਲੀਅਤ ਜਾਣਦੇ ਹਨ ਤਾਂ ਬੁਰੀ ਤਰ੍ਹਾਂ ਪਸੀਨੇ ਨਾਲ ਭਿੱਜ ਜਾਂਦੇ ਹਨ। ਤਦ ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ 10ਵੀਂ ਜਮਾਤ ਵਿੱਚ ਕਿੰਨਾ ਸੌਖਾ, ਸਰਲ ਤੇ ਮਾਤ-ਭਾਸ਼ਾ ਵਿੱਚ ਸੀ। ਪਰ ਜਿਵੇਂ ਹੀ ਗਿਆਰਵੀਂ ਵਿੱਚ ਹੋਏ, ਵਿਸ਼ਾ ਸਲੇਬਸ, ਨਵੇਂ ਖੇਤਰ ਤੇ ਵਿਦੇਸ਼ੀ ਭਾਸ਼ਾ ਵਿੱਚ ਵਿਦਿਆਰਥੀ ਅਕਸਰ ਮੱਥਾ ਫੜ ਕੇ ਬੈਠ ਜਾਂਦੇ ਹਨ ਤੇ ਬੁਰੀ ਤਰਾਂ ਨਾਲ ਹਾਰ ਜਾਂਦੇ ਹਨ। ਕੁੱਝ ਕੁ ਪ੍ਰਤੀਸ਼ਤ ਹੀ ਅੱਗੇ ਨਿਕਲ ਪਾਉਂਦੇ ਹਨ। ਇਸ ਤਰਾਂ ਦੇ ਖੇਤਰ ਨੂੰ ਅਣਗਲਿਆ ਨਹੀਂ ਕਰਨਾ ਚਾਹੀਦਾ। ਸਗੋਂ ਬੁੱਧੀਜੀਵੀਆਂ ਦੀ ਦਿੱਤੀ ਇਸ ਸ਼ਾਨ ਨੂੰ ਕਾਇਮ ਰੱਖਣ ਲਈ ਹਰ ਤਰਾਂ ਦੀ ਸੰਭਵ ਕੋਸ਼ਸ਼ਿ ਹੋਣੀ ਚਾਹੀਦੀ ਹੈ। ਸਮਾਂ ਹਮੇਸ਼ਾਂ ਬਦਲਾਅ ਚਾਹੁੰਦਾ ਹੈ। ਇਸ ਬਦਲਾਅ ਵਿੱਚ ਸਰਕਾਰਾਂ ਦਾ ਭਰਪੂਰ ਯੋਗਦਾਨ ਹੁੰਦਾ ਹੈ। ਜਿਵੇਂ ਕਿ ਮੈਡੀਕਲ ਯੂਨੀਵਰਸਿਟੀ, ਟੈਕਨੀਕਲ ਯੂਨੀਵਰਸਿਟੀ, ਵੈਟਨਰੀ ਯੂਨੀਵਰਸਿਟੀ, ਖੇਤੀਬਾੜੀ ਯੂਨੀਵਰਸਿਟੀ, ਆਯੁਰਵੈਦਿਕ ਯੂਨੀਵਰਸਿਟੀ, ਹੋਮਿਓਪੈਥਿਕ ਯੂਨੀਵਰਸਿਟੀ ਦੀ ਸਥਾਪਨਾ ਹੋ ਚੁੱਕੀ ਹੈ। ਇਸ ਤਰ੍ਹਾਂ ਗਣਿਤ ਯੂਨੀਵਰਸਿਟੀ ਦੀ ਵੀ ਸਥਾਪਨਾ ਹੋਣੀ ਚਾਹੀਦੀ ਹੈ। ਸਰਕਾਰ ਨੂੰ ਇਸ ਵੱਲ ਪੂਰਣ ਤੌਰ 'ਤੇ ਗੌਰ ਕਰਨਾ ਚਾਹੀਦਾ ਹੈ। ਗਣਿਤ ਯੂਨੀਵਰਸਿਟੀ ਲਈ ਕੇਂਦਰ ਸਰਕਾਰ ਨੂੰ ਪਹਿਲ ਕਰਨੀ ਚਾਹੀਦੀ ਹੈ। ਅਗਰ ਸੂਬਾ ਸਰਕਾਰ ਇਸ ਗੱਲ ਦਾਉਂਦਮ ਚੁੱਕੇ ਅਤੇ ਕੇਂਦਰ ਦੀ ਸਹਾਇਤਾ ਨਾਲ ਸੂਬਾ ਵਿੱਚ ਗਣਿਤ ਦੀ ਪਹਿਲੀ ਯੂਨੀਵਰਸਿਟੀ ਬਣਾਈ ਜਾ ਸਕਦੀ ਹੈ।

*-ਵਿਜੈ ਗਰਗ*
*ਸੇਵਾ ਮੁਕਤ ਪ੍ਰਿੰਸਪਲ*
*ਮਲੋਟ।*

# ਸ਼ਰੇਆਮ ਫਾਇਰਿੰਗ ਦੌਰਾਨ ਨੌਜਵਾਨ ਦੀ ਮੌਤ

## * ਮ੍ਰਿਤਕ ਦੀ ਪਤਨੀ ਨੇ ਗੁਰਦੁਆਰੇ ਦੇ ਸਰੋਵਰ ਵਿੱਚ ਛਾਲ ਮਾਰੀ

ਮੁਕਤਸਰ ਸਾਹਿਬ, 30 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਜਨਰਲ ਬੱਸ ਸਟੈਂਡ ਨੇੜੇ ਅਬੋਹਰ ਬਾਈਪਾਸ ਚੌਕ ਵਿਖੇ ਮੋਟਰਸਾਈਕਲ ਸਵਾਰਾਂ ਵੱਲੋਂ ਕੀਤੀ ਫਾਇਰਿੰਗ ਦੌਰਾਨ ਗੋਲੀ ਲੱਗਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ ਤੇ ਉਸ ਦਾ ਭਰਾ ਜ਼ਖ਼ਮੀ ਹੋ ਗਿਆ ਹੈ। ਦੋਸ਼ੀ ਪਿੰਡ ਰੁਪਾਣਾ ਨੇੜੇ ਦੋ ਮੋਟਰਸਾਈਕਲ ਛੱਡ ਕਿਸੇ ਰਾਹਗੀਰ ਦੀ ਕਾਰ ਖੋਹ ਕੇ ਫ਼ਰਾਰ ਹੋ ਗਏ। ਡੀ ਐਸ ਪੀ ਹਰਵਿੰਦਰ ਸਿੰਘ ਚੀਮਾ ਪੁਲਸ ਪਾਰਟੀ ਲੈ ਕੇ ਮੌਕੇ ਉੱਤੇ ਪਹੁੰਚੇ।

ਮਿਲੀ ਸੂਚਨਾ ਅਨੁਸਾਰ ਸ਼ਾਮ ਲਾਲ ਖੰਨਾ (ਸ਼ਾਮਾਂ) (42) ਪੁੱਤਰ ਚੰਦਗੀ ਰਾਮ ਖੰਨਾ ਵਾਸੀ ਖਟੀਕਾਂ ਵਾਲੀ ਗਲੀ ਕੱਲ੍ਹ ਦੁਪਹਿਰ ਸਮੇਂ ਬੱਸ ਸਟੈਂਡ ਚੌਕੀ ਵਿੱਚੋਂ ਆਪਣੇ ਨਜ਼ਦੀਕੀ ਭੋਲਾ ਸਿੰਘ ਨੂੰ ਕਿਸੇ ਮਾਮਲੇ ਵਿੱਚਛੁੱਡਾ ਕੇ ਲਿਆਇਆ ਸੀ। ਇਸ ਮੌਕੇ ਮੋਟਰਸਾਈਕਲ ਸਵਾਰ ਉਸਦੇ ਮਗਰ ਲੱਗ ਗਏ। ਜਦੋਂ ਉਹ ਗੋਨਿਆਣਾ ਚੌਕ ਵਿਖੇ ਆਪਣੇ ਭਰਾ ਰਾਜੇਸ਼ ਖੰਨਾ (ਕੁੱਕੂ) (45) ਦੀ ਦੁਕਾਨ ਕੋਲੋਂ ਲੰਘ ਕੇ ਆਪਣੀ ਗੋਨਿਆਣਾ ਰੋਡ ਦੀ ਡੇਅਰੀ ਵੱਲ ਜਾ ਰਿਹਾ ਸੀ ਤਾਂ ਚੌਕ ਵਿੱਚ ਹੀ ਮੋਟਰਸਾਈਕਲ ਸਵਾਰਾਂ ਨੇ ਉਸ ਉੱਤੇ



ਗੋਲੀਆਂ ਚਲਾਈਆਂ ਤੇ ਜਦੋਂ ਉਸ ਨੂੰ ਬਚਾਉਣ ਲਈ ਭਰਾ ਕੁੱਕੂ ਅੱਗੇ ਆਇਆ ਤਾਂ ਉਸ ਦੀ ਲੱਤ ਵਿੱਚ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਸ਼ਾਮਾ ਜਾਨ ਬਚਾਉਣ ਲਈ ਗੋਨਿਆਣਾ ਰੋਡ ਉੱਤੇ ਭਠੇਜਾ ਕਰਿਆਨਾ ਸਟੋਰ ਵਿੱਚ ਵੜ੍ਹਿਆ ਤੇ ਉਸ ਦੇ ਗੇਟ ਨਾਲ ਲੱਗਦੇ ਪਰਮਜੀਤ ਦੇ ਘਰ ਦੀਆਂ ਪੌੜੀਆਂ ਚੜ੍ਹਨ ਲੱਗਾ ਤਾਂ ਦੋਸ਼ੀਆਂ ਨੇ ਮਗਰ ਜਾ ਕੇ ਗੋਲੀਆਂ ਨਾਲ ਭੁੰਨ ਸੁੱਟਿਆ। ਮ੍ਰਿਤਕ ਦੇ ਭਤੀਜੇ ਗੌਰਵ ਨੇ ਦੱਸਿਆ ਕਿ ਕੱਲ੍ਹ ਸਵੇਰੇ ਵੀ ਕੁਝ ਅਣਪਛਾਤੇ ਨੌਜਵਾਨ ਮੇਰੇ ਚਾਚੇ ਦੇ ਘਰ ਆਏ ਅਤੇ ਸ਼ਾਮੇ ਬਾਰੇ ਪੁੱਛਿਆ ਤਾਂ ਉਨ੍ਹਾਂ ਦੀ ਮਾਂ ਨੇ ਕਿਹਾ ਕਿ ਸ਼ਾਮਾ ਘਰ ਨਹੀਂ ਹੈ। ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਦੋਸ਼ੀ ਸ਼ਾਮ ਲਾਲ ਦਾ ਪਿੱਛਾ ਕਰ ਰਹੇ ਸਨ। ਗੋਨਿਆਣਾ ਚੌਕ ਨੇੜੇ ਲੱਗਭਗ 25-30 ਚੱਲੇ ਹੋਏ ਕਾਰਤੂਸ ਮਿਲੇ ਹਨ। ਘਟਨਾ ਵਾਪਰਨ ਪਿੱਛੋਂ ਪਹੁੰਚੀ ਪੁਲਸ ਨੇ ਖ਼ੂਨ ਨਾਲ ਲੱਥਪਥ ਸ਼ਾਮ ਲਾਲ ਨੂੰ ਸਰਕਾਰੀ ਹਸਪਤਾਲ ਭੇਜਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਜ਼ਿਲ੍ਹਾ ਪੁਲਸ ਮੁਖੀ ਚਰਨਜੀਤ ਸਿੰਘ ਸੋਹਲ ਨੇ ਦੱਸਿਆ ਇਹ ਕੇਸ ਗੈਂਗਵਾਰ ਨਾਲ ਸਬੰਧਤ ਹੈ ਤੇ ਮ੍ਰਿਤਕ ਉੱਤੇ ਵੱਖ-ਵੱਖ ਧਾਰਾਵਾਂ ਦੇ ਪੰਜ ਕੇਸ ਹਨ। ਇਸ ਤੋਂ ਇਲਾਵਾ ਉਸ ਨੂੰ ਇੱਕ ਦਲੀਪ ਸਿੰਘ ਨਾਂਅ ਦੇ ਵਿਅਕਤੀ ਦੇ ਕਤਲ ਦੇ ਦੋਸ਼ ਵਿੱਚ 20 ਸਾਲ ਦੀ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਕਰੀਬ ਇੱਕ ਸਾਲ ਪਹਿਲਾਂ ਮ੍ਰਿਤਕ ਦੇ ਰਿਸ਼ਤੇਦਾਰ ਚਮਕੌਰ ਸਿੰਘ ਦਾ ਵੀ ਘਰ ਵਿੱਚ ਆ ਕੇ ਕੁਝ ਲੋਕਾਂ ਵੱਲੋਂ ਕਤਲ ਕਰ ਦਿੱਤਾ ਸੀ।

ਇਸ ਘਟਨਾ ਤੋਂ ਕੁਝ ਘੰਟਿਆਂ ਬਾਅਦ ਮ੍ਰਿਤਕ ਦੀ ਪ੍ਰੇਸ਼ਾਨ ਹੋਈ ਪਤਨੀ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਸਰੋਵਰ ਵਿੱਚ ਆਤਮ ਹੱਤਿਆ ਦੇ ਮਕਸਦ ਨਾਲ ਛਾਲ ਮਾਰ ਦਿੱਤੀ ਤੇ ਇੱਥੇ ਲੱਗੇ ਹੋਏ ਕਾਰੀਗਰਾਂ ਨੇ ਉਸ ਨੂੰ ਸਰੋਵਰ ਵਿੱਚੋਂ ਬਾਹਰ ਕੱਢਿਆ ਤੇ ਇਲਾਜ ਲਈ ਨਿੱਜੀ ਹਸਪਤਾਲ ਵਿਖੇ ਦਾਖ਼ਲ ਕਰਵਾਇਆ।

# ਪੰਜਾਬ ਸਰਕਾਰ ਵੱਲੋਂ ਘਰੇਲੂ ਖਪਤਕਾਰਾਂ ਦੇ ਬਿਜਲੀ ਬਕਾਏ ਮੁਆਫ ਕਰਨ ਦਾ ਫੈਸਲਾ

## * ਬਿਜਲੀ ਦੇ ਕੱਟੇ ਹੋਏ ਕੁਨੈਕਸ਼ਨ ਵੀ ਬਹਾਲ ਕੀਤੇ ਜਾਣਗੇ



ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਰਾਜ ਦੀ ਸਰਕਾਰ ਨੇ ਕੱਲ੍ਹ ਘਰੇਲੂ ਬਿਜਲੀ ਦੇ ਡਿਫਾਲਟਰ ਖਪਤਕਾਰਾਂ ਦੇ ਬਿਜਲੀ ਦੇ ਬਕਾਏ ਮੁਆਫ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਗਰੀਬ ਖਪਤਕਾਰਾਂ ਨੂੰ ਲਾਭ ਹੋਵੇਗਾ। ਕੱਲ੍ਹ ਦੀ ਕੈਬਨਿਟ ਮੀਟਿੰਗ ਵਿੱਚ ਘਰੇਲੂ ਬਿਜਲੀ ਦੇ ਤਿੰਨ ਸੌ ਯੂਨਿਟ ਮੁਆਫ ਕਰਨ ਦਾ ਏਜੰਡਾ ਵੀ ਸੀ, ਪਰ ਕੈਬਨਿਟ ਨੇ ਅਜੇ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਵੱਡਾ ਫੈਸਲਾ ਕੀਤਾ ਹੈ ਕਿ ਘਰੇਲੂ ਬਿਜਲੀ ਦੇ ਦੋ ਕਿਲੋਵਾਟ ਲੋਡ ਤਕ ਦੇ ਖਪਤਕਾਰਾਂ ਦੇ ਪੁਰਾਣੇ ਬਕਾਏ ਮੁਆਫ ਕੀਤੇ ਜਾਣਗੇ ਅਤੇ ਪੰਜਾਬ ਸਰਕਾਰ ਇਨ੍ਹਾਂ ਬਕਾਇਆਂ ਦਾ ਆਪਣੇ ਕੋਲੋਂ ਭੁਗਤਾਨ ਕਰੇਗੀ।ਇਸ ਨਾਲ ਸਰਕਾਰੀ ਖਜ਼ਾਨੇ ਉੱਤੇ ਕਰੀਬ 1200 ਕਰੋੜ ਰੁਪਏ ਦਾ ਬੋਝ ਪਵੇਗਾ। ਉਨ੍ਹਾ ਕਿਹਾ ਕਿ ਖਪਤਕਾਰਾਂ ਦਾ ਜੋ ਪਿਛਲਾ ਬਿਜਲੀ ਬਿੱਲ ਆਇਆ ਹੈ, ਉਸ ਵਿੱਚ ਲੱਗ ਕੇ ਆਏ ਹੋਏਬਕਾਏ ਮੁਆਫ ਕੀਤੇ ਹਨ, ਬਿੱਲ ਦੀ ਪੂਰਤੀ ਖਪਤਕਾਰਾਂ ਨੂੰ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਰੀਬ 52 ਲੱਖ ਗਰੀਬ ਪਰਵਾਰਾਂ ਨੂੰ ਇਸ ਦਾ ਲਾਭ ਪੁੱਜੇਗਾ, ਜੋ ਸਾਰੇ ਕੁਨੈਕਸ਼ਨਾਂ ਦਾ ਅੱਸੀ ਫੀਸਦੀ ਬਣਦੇ ਹਨ। ਮੁੱਖ ਮੰਤਰੀ ਚੰਨੀ ਨੇ ਦੱਸਿਆ ਕਿ ਜਿਨ੍ਹਾਂ ਖਪਤਕਾਰਾਂ ਦੇ ਦੋ ਕਿਲੋਵਾਟ ਤਕ ਦੇ ਮੀਟਰ ਕੁਨੈਕਸ਼ਨ ਕੱਟੇ ਗਏ ਹਨ, ਉਹ ਬਹਾਲ ਕੀਤੇ ਜਾਣਗੇ ਤੇ ਬਕਾਇਆ ਰਾਸ਼ੀ ਸਰਕਾਰ ਭਰੇਗੀ। ਉਨ੍ਹਾ ਕਿਹਾ ਕਿ ਖਪਤਕਾਰਾਂ ਦੀ ਪਛਾਣ ਲਈ ਤਸੀਲ ਪੱਧਰ ਦੀਆਂ ਬਕਾਇਆ ਬਿੱਲਾਂ ਬਾਰੇ ਫੈਸਲਾ ਕਰਨਗੀਆਂ। ਉਨ੍ਹਾ ਕਿਹਾ ਕਿ ਦੋ ਕਿਲੋਵਾਟ ਤਕ ਦੇ ਖਪਤਕਾਰਾਂ ਦੇ ਬਕਾਏ ਪੰਜ ਹਜ਼ਾਰ ਹੋਵੇ ਚਾਹੇ ਪੰਜਾਹ ਹਜ਼ਾਰ, ਸਾਰਾ ਭੁਗਤਾਨ ਸਰਕਾਰ ਕਰੇਗੀ ਅਤੇ ਹੋਰ ਫੈਸਲੇ ਵੀ ਲਏ ਜਾਣਗੇ।

# ਨਵਜੋਤ ਸਿੰਘ ਸਿੱਧੂ ਦੇ ਪਾਰਲੀਮੈਂਟ ਮੈਂਬਰ ਹੁੰਦਿਆਂ ਪੰਜਾਬ ਮੋਹ ਉਤੇ ਵੀ ਸਵਾਲ ਉਠਣ ਲੱਗੇ

ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਪੰਜਾਬ ਮੋਹ ਉਤੇ ਵੀ ਸਵਾਲ ਉੱਠਣ ਲੱਗੇ ਹਨ। ਉਹ ਕੁਝ ਅਰਸੇ ਤੋਂ ਪੰਜਾਬ ਵਿੱਚ ਮੁੱਦਿਆਂ ਦੀ ਸਿਆਸਤ ਦੀ ਗੱਲ ਕਰ ਰਹੇ ਹਨ। ਜਦੋਂ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਖਿਲਾਫ ਆਵਾਜ਼ ਬੁਲੰਦ ਕੀਤੀ ਤਾਂ ਉਨ੍ਹਾਂ ਪੰਜਾਬ ਦੇ 18 ਨੁਕਾਤੀ ਏਜੰਡੀ ਦੀ ਗੱਲ ਰੱਖੀ ਸੀ। ਜਦੋਂ ਉਨ੍ਹਾਂ ਨੇ ਪ੍ਰਧਾਨਗੀ ਤੋਂ ਅਸਤੀਫਾ ਦਿੱਤਾ ਤਾਂ ਕਿਹਾ ਕਿ ਉਹ ਮੁੱਦਿਆਂ ਉੱਤੇ ਸਮਝੌਤਾ ਨਹੀਂ ਕਰਨਗੇ।

ਆਪਣੇ ਪ੍ਰਧਾਨਗੀ ਭਾਸ਼ਣ ਤੋਂ 72 ਦਿਨਾਂ ਮਗਰੋਂ ਨਵਜੋਤ ਸਿੰਘ ਸਿੱਧੂ ਵੱਲੋਂ ਅਚਨਚੇਤ ਅਸਤੀਫਾ ਦੇਣਾ ਪੰਜਾਬ ਦੇ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ। ਸਿੱਧੂ ਨੇ ਅਸਤੀਫਾ ਦੇਣ ਪਿੱਛੇ ਜੋ ਵਜ੍ਹਾ ਦੱਸੀ ਹੈ, ਉਹ ਇਖਲਾਕੀ ਪੱਖੋਂ ਵਜ਼ਨ ਰੱਖਦੀ ਹੈ ਕਿ ਬਰਗਾੜੀ ਕਾਂਡ ਦੀ ਪਹਿਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨਾਲ ਜੁੜੇ ਅਧਿਕਾਰੀ ਨੂੰ ਡੀ ਜੀ ਪੀ ਬਣਾ ਦਿੱਤਾ ਗਿਆ ਅਤੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਵਕੀਲ ਨੂੰ ਐਡਵੋਕੇਟ ਜਨਰਲ ਦਾ ਅਹੁਦਾ ਦੇ ਦਿੱਤਾ ਗਿਆ ਹੈ। ਇਵੇਂ ਹੀ ਨਵਜੋਤ ਸਿੰਘ ਸਿੱਧੂ ਨੇ ਦਾਗ਼ੀ ਵਿਧਾਇਕਾਂ ਨੂੰ ਵਜ਼ੀਰ ਬਣਾਏ ਜਾਣ ਉੱਤੇ ਵੀ ਉਂਗਲ ਉਠਾਈ ਹੈ। ਸਿਆਸੀ ਮਾਹਰ ਆਖਦੇ ਹਨ ਕਿ ਸਭ ਠੀਕ ਹੈ, ਪਰ ਹਰ ਮਸਲੇ ਦਾ ਹੱਲ ਅਸਤੀਫਾ ਨਹੀਂ ਹੁੰਦਾ।

ਨਵਜੋਤ ਸਿੰਘ ਸਿੱਧੂ ਨੇ 2004 ਵਿੱਚ ਭਾਜਪਾ ਵੱਲੋਂ ਪਾਰਲੀਮੈਂਟ ਮੈਂਬਰ ਵਜੋਂ ਸਿਆਸੀ ਪਾਰੀ ਸ਼ੁਰੂ ਕੀਤੀ, ਪਰਪਾਰਲੀਮੈਂਟ ਮੈਂਬਰ ਵਜੋਂ ਪੰਜਾਬ ਦੇ ਕਿੰਨੇ ਮੁੱਦੇ ਉਠਾਏ, ਇਹ ਦੇਖਣਾ ਕਾਫੀ ਦਿਲਚਸਪ ਹੈ।ਉਨ੍ਹਾ ਨੇ ਸਾਲ 2004 ਤੋਂ 2009 ਤਕ ਪਾਰਲੀਮੈਂਟ ਮੈਂਬਰ ਵਜੋਂ ਲੋਕ ਸਭਾਵਿੱਚ ਕੁੱਲ 234 ਸਵਾਲ ਕੀਤੇ, ਜਿਨ੍ਹਾਂ ਵਿੱਚੋਂ ਸਿਰਫ 30 (ਅੰਦਾਜ਼ਨ 13 ਫੀਸਦੀ) ਸਿੱਧੇ ਤੌਰ ਉੱਤੇ ਪੰਜਾਬ ਨਾਲ ਸਬੰਧਤ ਸਨ। ਇਨ੍ਹਾਂ ਵਿੱਚੋਂ ਸਿਰਫ ਚਾਰ ਸਵਾਲ ਖੇਤੀ ਨਾਲ ਸਬੰਧ ਰੱਖਦੇ ਸਨ। ਸਿੱਧੂ ਦੀ ਦੂਸਰੀ ਪਾਰੀ ਭਾਵ 2009 ਤੋਂ 2014 ਵਾਲੇ ਪੰਜ ਸਾਲਾਂ ਵਿੱਚ ਉਨ੍ਹਾਂ ਦੀ ਪਾਰਲੀਮੈਂਟ ਵਿੱਚ ਹਾਜ਼ਰੀ ਮਸਾਂ 28 ਫੀਸਦੀ ਰਹੀ ਅਤੇ ਸਿਰਫ 99 ਸਵਾਲ ਕੀਤੇ, ਜਿਨ੍ਹਾਂ ਵਿੱਚੋਂ 12 ਸਿੱਧੇ ਤੌਰ ਉੱਤੇ ਪੰਜਾਬ ਨਾਲ ਸਬੰਧਤ ਸਨ।

ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਦੱਸਿਆ ਕਿ ਕਿਸਾਨੀ ਘੋਲ ਵਿੱਚ ਨਵਜੋਤ ਸਿੰਘ ਸਿੱਧੂ ਦਾ ਸਿਰਫ ਏਨਾ ਯੋਗਦਾਨ ਹੈ ਕਿ ਉਨ੍ਹਾ ਨੇ ਇੱਕ ਦਿਨ ਆਪਣੇ ਘਰ ਕਾਲਾ ਝੰਡਾ ਲਾਇਆ ਤੇ ਕੁਝ ਟਵੀਟ ਕੀਤੇ ਸਨ। ਸਿੱਧੂ ਹਮਾਇਤੀ ਆਖਦੇ ਹਨ ਕਿ ਨਵਜੋਤ ਸਿੱਧੂ ਹੀ ਹੈ, ਜਿਸ ਨੇ ਪੱਲਿਓਂ ਕਿੰਨੇ ਕਿਸਾਨਾਂ ਨੂੰ ਕਣਕਾਂ ਨੂੰ ਅੱਗ ਲੱਗਣ ਉੱਤੇ ਪੈਸੇ ਦਿੱਤੇ ਸਨ। ਸਵਾਲ ਇਹ ਉਠਦੇ ਹਨ ਕਿ ਜਦੋਂ ਬਰਗਾੜੀ ਤੇ ਬਹਿਬਲ ਕਲਾਂ ਦੇ ਕਾਂਡ ਵਾਪਰੇ ਸਨ, ਉਦੋਂ ਇਨ੍ਹਾਂ ਮੁੱਦਿਆਂ ਨੂੰ ਤਤਕਾਲੀ ਗੱਠਜੋੜ ਸਰਕਾਰ ਕੋਲ ਸਿੱਧੂ ਨੇ ਕਿਉਂ ਨਹੀਂ ਉਠਾਇਆ ਸੀ।

# ਦਿਨ-ਦਿਹਾੜੇ ਕੋਠੀ ਵਿੱਚੋਂ 40 ਤੋਲੇ ਸੋਨੇ ਅਤੇ ਸੱਤ ਲੱਖ ਕੈਸ਼ ਚੋਰ ਲੈ ਗਏ

ਜਲੰਧਰ, 30 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਮਾਡਲ ਟਾਊਨ ਦੇ ਪ੍ਰਕਾਸ਼ ਨਗਰ ਵਿੱਚ ਦਿਨ-ਦਿਹਾੜੇ ਚੋਰੀ ਦੀ ਵਾਰਦਾਤ ਨੇ ਲਾਅ ਐਂਡ ਆਰਡਰ ਦੀ ਸਥਿਤੀ ਉੱਤੇ ਸਵਾਲ ਖੜੇ ਕਰ ਦਿੱਤੇ ਹਨ।

ਪ੍ਰਕਾਸ਼ ਨਗਰ ਦੇ ਵਾਸੀ ਦੁਪੱਟਾ ਸੈਂਟਰ ਦੇ ਮਾਲਕ ਵਿਨੋਦ ਖੰਨਾ ਨੇ ਦੱਸਿਆ ਕਿ ਦੁਪਹਿਰ ਸਮੇਂ ਉਨ੍ਹਾਂ ਦਾ ਬੇਟਾ ਘਰ ਦਾ ਮੇਨ ਗੇਟ ਲਾਕ ਕਰ ਕੇ ਆਪਣੀ ਮਾਂ ਨੂੰ ਸੋਢਲ ਨਗਰ ਵੱਲ ਛੱਡਣ ਗਿਆ ਸੀ।ਲੱਗਭਗ ਪੌਣੇ ਘੰਟੇ ਬਾਅਦ ਜਦੋਂ ਉਹ ਆਇਆ ਅਤੇ ਲੋਹੇ ਦੇ ਗੇਟ ਦਾ ਲਾਕ ਖੋਲ੍ਹ ਕੇ ਲੌਬੀ ਦੇ ਗੇਟ ਕੋਲ ਪਹੁੰਚਿਆ ਤਾਂ ਵੇਖਿਆ ਕਿ ਗੇਟ ਦਾ ਲਾਕ ਟੁੱਟਾ ਹੋਇਆ ਅਤੇ ਲੱਕੜੀ ਦੇ ਗੇਟ ਉੱਤੇ ਪੈਰ ਦਾ ਨਿਸ਼ਾਨ ਸੀ, ਜਿਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਚੋਰ ਨੇ ਲੱਤ ਮਾਰ ਕੇ ਲੱਕੜੀ ਦੇ ਗੇਟ ਦਾ ਲਾਕ ਤੋੜਿਆ ਹੈ। ਵਿਨੋਦ ਖੰਨਾ ਦੇ ਦੱਸਿਆ ਕਿ ਚੋਰ ਸਿਰਫ਼ ਤਿੰਨ ਕਮਰਿਆਂ ਵਿੱਚ ਵੜਿਆ, ਜਿੱਥੇ ਸੋਨੇ ਦੇ ਗਹਿਣੇ ਅਤੇ ਕੇਸ਼ ਸੀ। ਉਨ੍ਹਾਂ ਦੀ ਅਲਮਾਰੀ ਵਿੱਚੋਂ ਸੱਤ ਲੱਖ ਰੁਪਏ ਅਤੇ 40 ਤੋਲੇ ਸੋਨੇ ਦੇ ਗਹਿਣੇ ਗਾਇਬ ਸਨ। ਉਨ੍ਹਾਂ ਦੱਸਿਆ ਕਿ ਕੋਠੀ ਵਿੱਚ ਤਿੰਨ ਪਰਵਾਰ ਹਨ। ਇੱਕ ਬੇਟਾ ਵਿਦੇਸ਼ ਵਿੱਚ ਹੈ, ਇੱਕ ਬੇਟਾ ਵਿਕਾਸ ਉਨ੍ਹਾਂ ਨਾਲ ਰਹਿੰਦਾ ਹੈ ਅਤੇ ਤੀਸਰਾ ਬੇਟਾ ਪਿੱਛੇ ਜਿਹੇ ਮੋਹਾਲੀ ਸ਼ਿਫਟ ਹੋਇਆ ਪਰ ਉਨਾਂ ਸਾਰਿਆਂ ਦਾ



ਗੋਲਡ ਘਰ ਵਿੱਚ ਹੀ ਸੀ।

ਪੀੜਤ ਪਰਵਾਰ ਨੇ ਸੀ ਸੀ ਟੀ ਵੀ ਕੈਮਰੇ ਚੈਕ ਕੀਤੇ ਤਾਂ ਦੇਖਿਆ ਕਿ ਇੱਕ ਨੌਜਵਾਨ ਪਹਿਲਾਂ ਕੋਠੀ ਦੇ ਬਾਹਰ ਬਾਈਕ ਉੱਤੇ ਆਇਆ ਅਤੇ ਫਿਰ ਕੁਝ ਦੂਰ ਜਾ ਕੇ ਬਾਈਕ ਖੜ੍ਹੀ ਕਰ ਕੇ ਪੈਦਲ ਕੋਠੀ ਅੱਗੇ ਆ ਕੇ ਖੜੋਤਾ ਰਿਹਾ।ਉਸ ਨੇ ਬਾਹਰ ਖੜ੍ਹੇ ਹੋ ਕੇ ਕਿਸੇ ਨੂੰ ਫ਼ੋਨ ਕੀਤਾ ਅਤੇ ਅੱਧੇ ਘੰਟੇ ਬਾਅਦ ਨਾਲ ਦੀ ਕੋਠੀ ਵਿੱਚ ਵੜ ਕੇ ਕੰਧ ਟੱਪ ਕੇ ਅੰਦਰ ਵੜ ਗਿਆ। ਲੱਗਭਗ 15 ਮਿੰਟ ਵਿੱਚ ਉਹ ਸਾਰਾ ਸਾਮਾਨ ਚੁਰਾ ਕੇ ਅੰਦਰੋਂ ਲਏ ਇੱਕ ਬੈਗ ਵਿੱਚ ਪਾ ਕੇ ਬਾਹਰ ਦੀ ਕੰਧ ਟੱਪ ਗਿਆ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਦਾ ਬੇਟਾ ਗੱਡੀ ਵਿੱਚ ਵਾਪਸ ਆ ਗਿਆ, ਪਰ ਚੋਰ ਗੁਆਂਢ ਦੀ ਕੋਠੀ ਵਿੱਚ ਦੁਬਾਰਾ ਵੜਿਆ ਅਤੇ ਬੈਕਸਾਈਡ ਤੋਂ ਖਾਲੀ ਪਲਾਟ ਵਿੱਚ ਛਾਲ ਮਾਰ ਕੇ ਫ਼ਰਾਰ ਹੋ ਗਿਆ। ਉਹ ਜਾਂਦੇ ਹੋਏ ਆਪਣੇ ਨਾਲ ਲਿਆਂਦੀ ਹਥੌੜੀ ਛੱਡ ਗਿਆ। ਸ਼ੱਕ ਹੈ ਕਿ ਇਹ ਕੰਮ ਕਿਸੇ ਜਾਣਕਾਰ ਦਾ ਹੈ।

# ਗੋਲੀਆਂ ਮਾਰ ਕੇ ਚਾਚੇ-ਭਤੀਜੇ ਦੀ ਹੱਤਿਆ

ਖਡੂਰ ਸਾਹਿਬ, 30 ਸਤੰਬਰ (ਪੋਸਟ ਬਿਊਰੋ)- ਜ਼ਿਲ੍ਹਾ ਤਰਨਤਾਰਨ ਦੇ ਪਿੰਡ ਨਾਗੋਕੇ ਵਿਖੇ ਕੱਲ੍ਹ ਰਾਤ ਚਾਚੇ-ਭਤੀਜੇ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ, ਜਿਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ।

ਮ੍ਰਿਤਕਾਂ ਦੇ ਪਰਵਾਰਕ ਮੈਂਬਰ ਮਨਦੀਪ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਨਾਗੋਕੇ ਨੇ ਦੱਸਿਆ ਕਿ ਉਨ੍ਹਾਂ ਦੀ ਰਿਹਾਇਸ਼ ਬਹਿਕਾਂ ਉਪਰ ਹੈ ਤੇ ਰਾਤ 10 ਵਜੇ ਦੇ ਕਰੀਬ ਉਹ ਆਪਣੇ ਚਾਚੇ ਲਖਬੀਰ ਸਿੰਘ (54) ਨਾਲ ਪਿੰਡ ਦੇ ਅੱਡੇ ਤੋਂ ਘਰ ਨੂੰ ਆ ਰਿਹਾ ਸੀ ਤੇ ਸਾਡੇ ਅੱਗੇ ਚਾਚੇ ਦਾ ਪੁੱਤਰ ਅੰਮ੍ਰਿਤਪਾਲ ਸਿੰਘ (26) ਤੇ ਉਸ ਦਾ ਦੋਸਤ ਆਲਮਪੁਰ ਵਾਲੇ ਪਾਸੇ ਤੋਂ ਘਰ ਜਾ ਰਹੇ ਸੀ। ਸਾਡੇ ਮਗਰ ਯੋਧਬੀਰ ਸਿੰਘ, ਤੇਜ਼ਬੀਰ ਸਿੰਘ ਪੁੱਤਰ ਸੀਤਲ ਸਿੰਘ, ਲਵਪ੍ਰੀਤ ਸਿੰਘ ਪੁੱਤਰ ਜਗਦੇਵ ਸਿੰਘ ਮੋਟਸਾਈਕਲ ਉੱਤੇ ਆਏ, ਜਿਨ੍ਹਾਂ ਦੇ ਹੱਥਾਂ ਵਿੱਚ ਦਾਤਰ ਸਨ ਤੇ ਸਾਡੇ ਅੱਗੇ ਹੋ ਕੇ ਸਾਨੂੰ ਰੋਕ ਲਿਆ ਤੇ ਬਹਿਸ ਸ਼ੁਰੂ ਕਰਦਿਆਂ ਦਾਤਰ ਮਾਰਨੇ ਸ਼ੁਰੂ ਕਰ ਦਿੱਤੇ, ਨਾਲ ਅਰਸ਼ਦੀਪ ਸਿੰਘ ਪੁੱਤਰ ਦਲਜੀਤ ਸਿੰਘ, ਕਵਲਜੀਤ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਨਾਗੋਕੇ ਵੀ ਮੋਟਰਸਾਈਕਲ ਉੱਤੇ ਦਾਤਰਾਂ ਸਮੇਤ ਆ ਗਏ ਤੇ ਚੇਤੀ ਵਾਸੀ ਗਗੜੇਵਾਲ ਵੀ ਦੋ ਕਾਰਾਂ ਉੱਤੇ 8-10 ਅਣਪਛਾਤੇ ਵਿਅਕਤੀਆਂ ਨੂੰ ਲੈ ਕੇ ਪਹੁੰਚ ਗਿਆ ਤੇ ਸਾਡੀ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਮੌਕੇ ਚੇਤੀ ਨੇ ਆਪਣੀ ਰਾਈਫਲ ਨਾਲ ਗੋਲੀਆਂ ਮਾਰ ਕੇ ਮੇਰੇ ਚਾਚੇ ਲਖਬੀਰ ਸਿੰਘ ਅਤੇ ਦੂਜੇ ਚਾਚੇ ਦੇ ਲੜਕੇ ਅੰਮ੍ਰਿਤਪਾਲ ਸਿੰਘ ਦੀ ਹੱਤਿਆ ਕਰ ਦਿੱਤੀ। ਪੁਲਸ ਵੱਲੋਂ ਕੇਸ ਦਰਜ ਕਰਕੇ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਵੱਲੋਂ ਬੱਸ ਅੱਡਿਆਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੇ ਹੁਕਮ

ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਰਾਜ ਦੇ ਨਵੇਂ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹਨ ਕਿ ਉਹ ਅਗਲੇ ਦੋ ਦਿਨਾਂ ਵਿੱਚ ਪੰਜਾਬ ਦੇ ਬੱਸ ਸਟੈਂਡਾਂ ਤੋਂ ਹਰ ਤਰ੍ਹਾਂ ਦੇ ਨਾਜਾਇਜ਼ ਕਬਜ਼ੇ ਹਟਾ ਦੇਣ, ਜਿਸ ਵਿੱਚ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਏਥੇ ਪੰਜਾਬ ਭਵਨ ਵਿਖੇ ਸੂਬਾ ਪੱਧਰੀ ਰੀਵਿਊ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਬੱਸ ਸਟੈਂਡਾਂ ਵਿੱਚ ਲੋਕਾਂ ਵੱਲੋਂ ਕੀਤੇ ਨਾਜਾਇਜ਼ ਕਬਜ਼ੇ ਨਾ ਸਿਰਫ਼ ਬੱਸਾਂ ਦੇ ਚੱਲਣ ਵਿੱਚ ਅੜਿਕਾ ਬਣਦੇ ਹਨ, ਸਗੋਂ ਨਾਜਾਇਜ਼ ਕਾਰੋਬਾਰੀ ਗਤੀਵਿਧੀਆਂ ਕਰ ਕੇ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਵੀ ਲਾ ਰਹੇ ਹਨ। ਜਿਨ੍ਹਾਂ ਟਰਾਂਸਪੋਟਰਾਂ ਨੇ ਬਕਾਇਆ ਟੈਕਸਾਂ ਦੀ ਅਦਾਇਗੀ ਨਹੀਂ ਕੀਤੀ, ਉਨ੍ਹਾਂ ਤੋਂ ਟੈਕਸ ਉਗਰਾਹੀ ਤੇਜ਼ ਕਰ ਕੇ ਆਨਾ-ਕਾਨੀ ਕਰਦੇ ਟਰਾਂਸਪੋਟਰਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਖੇਤੀ ਕਾਨੂੰਨ ਮਾਮਲਾ :

# ਮੁੱਖ ਮੰਤਰੀ ਚੰਨੀ ਵੱਲੋਂ ਲੱਖਾਂ ਲੋਕਾਂ ਨਾਲ ਦਿੱਲੀ ਵੱਲ ਮਾਰਚ ਕਰਨ ਦੀ ਧਮਕੀ



ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੱਲ੍ਹ ਇੱਥੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਕੇਂਦਰ ਸਰਕਾਰ ਖੇਤੀ ਕਾਨੂੰਨ ਰੱਦ ਕਰਨ ਦਾ ਫ਼ੈਸਲਾ ਨਹੀਂ ਲੈਂਦੀ ਤਾਂ ਉਹ ਪੰਜਾਬ ਦੇ ਲੱਖਾਂ ਲੋਕਾਂ ਨਾਲ ਦਿੱਲੀ ਵੱਲ ਮਾਰਚ ਕਰ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਭਾਵੇਂ ਪੈਦਲ ਹੀ ਕਿਉਂ ਨਾ ਚੱਲਣਾ ਪਵੇ। ਉਨ੍ਹਾਂ ਕਿਹਾ ਕਿ ਦਿੱਲੀ ਅਸੀਂ ਪ੍ਰਧਾਨ ਮੰਤਰੀ ਦੇ ਘਰ ਅੱਗੇ ਧਰਨਾ ਦੇਵਾਂਗੇ।

ਇਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਹ ਵੀ ਕਿਹਾ ਕਿ ਕੇਂਦਰ ਵੱਲੋਂ ਖੇਤੀ ਕਾਨੂੰਨ ਰੱਦ ਨਾ ਹੋਣ ਦੀ ਸੂਰਤ ਵਿੱਚ ਅਸੀਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਪੰਜਾਬ ਵੱਲੋਂ ਰੱਦ ਕਰਾਂਗੇ। ਉਨ੍ਹਾ ਨੇ ਕਿਹਾ ਕਿ ਉਹ ਹਮੇਸ਼ਾ ਇਹ ਕਾਨੂੰਨ ਰੱਦ ਕਰਨ ਦੇ ਹਾਮੀ ਰਹੇ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਮੰਤਰੀ ਮੰਡਲ ਵੱਲੋਂ ਕਿਉਂਕਿ ਫ਼ੈਸਲੇ ਦੇ ਅਧਿਕਾਰ ਮੁੱਖ ਮੰਤਰੀ ਨੂੰ ਦੇ ਦਿੱਤੇ ਗਏ ਸਨ, ਜਿਨ੍ਹਾਂ ਨੇ ਕਾਨੂੰਨਾਂ ਨੂੰ ਰੱਦ ਕਰਨ ਦੀ ਥਾਂ ਇਨ੍ਹਾਂ ਵਿੱਚਸੋਧਾਂ ਕਰਨ ਦਾ ਫ਼ੈਸਲਾ ਲਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਸੰਘਰਸ਼ ਕਰਦੀਆਂ ਕਿਸਾਨ ਯੂਨੀਅਨਾਂ ਨਾਲ ਖੜ੍ਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਕਰਜ਼ੇ ਰਿਆਇਤੀ ਦਰਾਂ ਉੱਤੇ ਦਿੱਤੇ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ ਤੇ ਇਸ ਸੂਬੇ ਵਿੱਚ ਜੰਮੂ-ਕਸ਼ਮੀਰ ਵਾਂਗ ਹਾਲਾਤ ਖ਼ਰਾਬ ਕਰਨ ਦੀ ਨੀਤੀ ਨਾ ਅਪਨਾਈ ਜਾਵੇ।

ਮੁੱਖ ਮੰਤਰੀ ਦੀ ਪ੍ਰੈੱਸ ਕਾਨਫ਼ਰੰਸ ਤੋਂ ਕੁਝ ਸਮਾਂ ਪਹਿਲਾਂ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਖ਼ਬਰ ਉੱਤੇਉਨ੍ਹਾ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਉਨ੍ਹਾਂ ਨੂੰ ਅਜੇ ਇਸ ਸਬੰਧੀ ਜਾਣਕਾਰੀ ਨਹੀਂ ਅਤੇ ਉਹ ਇਸ ਸਬੰਧੀ ਪਤਾ ਕਰ ਰਹੇ ਹਨ, ਪਰ ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਮਸਲਾ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਮਸਲੇ ਬੈਠ ਕੇ ਗੱਲਬਾਤ ਨਾਲ ਹੱਲ ਹੋ ਜਾਣਗੇ।

# ਚਰਨਜੀਤ ਸਿੰਘ ਚੰਨੀ ਹਾਈ ਕਮਾਨ ਨਾਲ ਹਾਟ ਲਾਈਨ ਉੱਤੇ ਰਹਿਣ ਕਾਰਨ ਸਿੱਧੂ ਦੀ ਨਹੀਂ ਚੱਲੀ

ਜਲੰਧਰ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੇ ਹਫ਼ਤੇ ਵੱਡੀ ਸਿਆਸੀ ਤਬਦੀਲੀ ਮਗਰੋਂ ਮੁੱਖ ਮੰਤਰੀ ਦੇ ਅਹੁਦੇ ਉੱਤੇ ਚਰਨਜੀਤ ਸਿੰਘ ਚੰਨੀ ਦੀ ਨਿਯੁਕਤੀ ਬਾਰੇ ਸ਼ਾਇਦ ਕਿਸੇ ਨੇ ਕਦੇ ਸੋਚਿਆ ਤੱਕ ਨਹੀਂ ਸੀ। ਉਨ੍ਹਾਂ ਨੂੰ ਮੁੱਖ ਮੰਤਰੀ ਬਣਾਉਣ ਪਿੱਛੇ ਨਵਜੋਤ ਸਿੰਘ ਸਿੱਧੂ ਦਾ ਬਹੁਤ ਵੱਡਾ ਹੱਥ ਦੱਸਿਆ ਜਾ ਰਿਹਾ ਹੈ।



ਇਸ ਨਾਲ ਨਵਜੋਤ ਸਿੰਘ ਸਿੱਧੂ ਦੇ ਇੱਕ ਕਦਮ ਕਾਰਨ ਸਿਆਸੀ ਪਾਰਟੀਆਂ ਦੀ ਸੋਚ ਉੱਤੇ ਪਾਣੀ ਫਿਰ ਗਿਆ। ਚਰਨਜੀਤ ਸਿੰਘ ਚੰਨੀ ਕਿਉਂਕਿ ਜ਼ਮੀਨੀ ਪੱਧਰ ਦੇ ਨੇਤਾ ਹਨ, ਇਸ ਲਈ ਉਨ੍ਹਾਂ ਨੇ ਮੁੱਖ ਮੰਤਰੀ ਬਣਨ ਪਿੱਛੋਂ ਆਮ ਲੋਕਾਂ ਵਿੱਚ ਜਾ ਕੇ ਕੰਮ ਕਰਨ ਦੀ ਸੋਚ ਨਹੀਂ ਛੱਡੀ। ਉਹ ਸੁਰੱਖਿਆ ਦੀ ਪ੍ਰਵਾਹ ਕੀਤੇ ਬਿਨ੍ਹਾਂ ਚੰਨੀ ਲੋਕਾਂ ਵਿੱਚ ਜਾ ਕੇ ਭੀੜ ਦਾ ਹਿੱਸਾ ਬਣਦੇ ਰਹੇ। ਕੱਲ੍ਹ ਅਚਾਨਕ ਸਿੱਧੂ ਦੇ ਅਸਤੀਫ਼ੇ ਪਿੱਛੋਂ ਇਹ ਗੱਲ ਪਤਾ ਲੱਗੀ ਕਿ ਆਖਰ ਇੰਨੀ ਵੱਡੀ ਗੱਲ ਕਿਹੜੀ ਹੋ ਗਈ ਕਿ ਸਿੱਧੂ ਨੂੰ ਅਸਤੀਫ਼ਾ ਦੇਣਾ ਪਿਆ। ਦੱਸਿਆ ਜਾਂਦਾ ਹੈ ਕਿ ਚੰਨੀ ਭਾਵੇਂ ਸਿੱਧੂ ਦੇ ਬੇਹੱਦ ਨੇੜੇ ਹਨ ਅਤੇ ਸਮੇਂ-ਸਮੇਂਉਹ ਉਨ੍ਹਾਂ ਦਾ ਹੱਥ ਫੜ ਕੇ ਅੱਗੇ ਵੱਧਦੇ ਰਹੇ, ਪਰ ਇਸ ਦੌਰਾਨ ਕਿਉਂਕਿ ਚੰਨੀ ਕੋਲ ਇੱਕ ਵੱਡਾ ਅਹੁਦਾ ਸੀ,ਉਸ ਨੂੰ ਹਾਈ ਕਮਾਨ ਵੱਲੋਂ ਇਸ ਅਹੁਦੇ ਦੀ ਮਰਿਆਦਾ ਨੂੰ ਬਣਾ ਕੇ ਰੱਖਣ ਲਈ ਕਿਹਾ ਗਿਆ। ਹਾਈ ਕਮਾਨ ਨਾਲ ਚੰਨੀ ਹਾਟ ਲਾਈਨ ਉੱਤੇ ਰਹੇ, ਇਸ ਲਈ ਨਵਜੋਤ ਸਿੰਘ ਸਿੱਧੂ ਦੀ ਨਹੀਂ ਚੱਲ ਸਕੀ।ਪੰਜਾਬ ਸਰਕਾਰ ਅਤੇ ਪੰਜਾਬ ਕਾਂਗਰਸ ਦੋ ਵੱਖ-ਵੱਖ ਸੰਗਠਨ ਹਨ। ਦੋਵਾਂ ਦੀਆਂ ਆਪਣੀਆਂ-ਆਪਣੀਆਂ ਹੱਦਾਂ ਹਨ।

# ਕੈਪਟਨ ਅਮਰਿੰਦਰ ਦੇ ਕੋਲ ਕਾਂਗਰਸ ਦੇ 28 ਵਿਧਾਇਕਾਂ ਦੀ ਹਮਾਇਤ ਹੋਣ ਦੇ ਚਰਚੇ

ਜਲੰਧਰ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿੱਚ ਆਏ ਭੂਚਾਲ ਪਿੱਛੋਂ ਕਾਂਗਰਸ ਬਾਰੇ ਕਈ ਤਰ੍ਹਾਂ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਨਵਜੋਤ ਸਿੰਘ ਸਿੱਧੂ ਦੇ ਅਸਤੀਫ਼ੇ ਨੇ ਪੰਜਾਬ ਦੀ ਪੂਰੀ ਰਾਜਨੀਤੀ ਵਿੱਚ ਘਮਾਸਾਨ ਮਚਾ ਦਿੱਤਾ ਹੈ। ਇਸ ਤੋਂ ਪਹਿਲਾਂ ਪੰਜਾਬ ਤੋਂ ਨੈਸ਼ਨਲ ਮੀਡੀਆ ਤਕ ਕੈਪਟਨ ਅਮਰਿੰਦਰ ਸਿੰਘ ਦੀ ਦਿੱਲੀ ਯਾਤਰਾ ਚਰਚਾ ਵਿੱਚ ਸੀ, ਪਰ ਅਮਰਿੰਦਰ ਸਿੰਘ ਦਿੱਲੀ ਕਿਉਂ ਜਾ ਰਹੇ ਹਨ ਜਾਂ ਉਨ੍ਹਾਂ ਦੀ ਅਮਿਤ ਸ਼ਾਹ ਜਾਂ ਭਾਜਪਾ ਦੇ ਕਿਸ ਨੇਤਾ ਨਾਲ ਬੈਠਕ ਹੋਣੀ ਹੈ, ਇਨ੍ਹਾਂ ਸਭ ਗੱਲਾਂ ਬਾਰੇ ਕਈ ਸੁਣੀਆਂ ਗਇਆਂ ਸਨ।

ਇਸ ਦੌਰਾਨ ਇੱਕ ਹੋਰ ਖ਼ਬਰ ਕੈਪਟਨ ਅਮਰਿੰਦਰ ਸਿੰਘ ਬਾਰੇ ਸੁਣੀ ਗਈ ਹੈ ਕਿ ਕੈਪਟਨ ਕੋਲ ਪੰਜਾਬ ਦੇ ਕੁਝ ਵਿਧਾਇਕਾਂ ਦੀ ਹਮਾਇਤ ਵਾਲੀ ਚਿੱਠੀ ਪਹੁੰਚ ਗਈ ਹੈ। ਜਾਣਕਾਰ ਸੂਤਰ ਦੱਸਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਦੀ ਦਿੱਲੀ ਯਾਤਰਾ ਕਾਫ਼ੀ ਅਰਥ ਰੱਖਦੀ ਹੈ। ਭਾਵੇਂ ਉਹ ਕਹਿ ਰਹੇ ਹਨ ਕਿ ਉਹ ਦਿੱਲੀ ਵਿੱਚ ਆਪਣਾ ਕਪੂਰਥਲਾ ਹਾਊਸ ਵਾਲਾ ਨਿਵਾਸ ਖਾਲੀ ਕਰਨ ਗਏ, ਹਨ ਪਰ ਚਰਚਾ ਇਹ ਚੱਲ ਰਹੀ ਹੈ ਕਿ ਉਨ੍ਹਾਂ ਦੇ ਕੋਲ ਪੰਜਾਬ ਦੇ 28 ਵਿਧਾਇਕਾਂ ਦੀ ਚਿੱਠੀ ਹੈ, ਜਿਸ ਵਿੱਚ ਕਿਸੇ ਵੱਡੀ ਤਬਦੀਲੀ ਦੌਰਾਨ ਹਮਾਇਤ ਦੀ ਗੱਲ ਦਰਜ ਹੈ। ਇਸ ਤਬਦੀਲੀ ਦੀ ਅਜੇ ਸੰਭਾਵਨਾ ਹੀ ਪ੍ਰਗਟ ਕੀਤੀ ਜਾ ਰਹੀ ਸੀ ਕਿ ਨਵਜੋਤ ਸਿੰਘ ਸਿੱਧੂ ਦੇ ਅਸਤੀਫ਼ੇ ਕਾਰਨ ਵੱਡਾ ਸਿਆਸੀ ਧਮਾਕਾ ਹੋ ਗਿਆ। ਦੱਸਿਆ ਜਾਂਧਾ ਹੈ ਕਿ ਕੈਪਟਨ ਕੈਂਪ ਵਿੱਚ ਪਹਿਲਾਂ 13 ਵਿਧਾਇਕ ਅਜਿਹੇ ਸਨ, ਜੋ ਉਨ੍ਹਾਂ ਦੇ ਬੜੇ ਕਰੀਬੀ ਮੰਨੇ ਜਾਂਦੇ ਹਨ। ਇਨ੍ਹਾਂ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਹੋ ਸਕਦੇ ਹਨ। ਕੁਝ ਅਜਿਹੇ ਨੇਤਾ ਹਨ, ਜੋ ਦੋਵਾਂ ਕੈਂਪਾਂ ਨਾਲੋਂ ਬਰਾਬਰ ਦੀ ਦੂਰੀ ਰੱਖਦੇ ਹਨ ਪਰ ਕਿਸੇ ਇੱਕ ਕੈਂਪ ਦੇ ਭਾਰੀ ਹੋ ਜਾਣ ਉੱਤੇ ਉਹ ਕੈਂਪ ਬਦਲ ਵੀ ਸਕਦੇ ਹਨ।

# ‘ਪਠਾਣ’ ਦੇ ਘਰ ਬਣੀ ਸੀ ਨਵਜੋਤ ਸਿੱਧੂ ਦੇ ਅਸਤੀਫੇ ਦੀ ਰੂਪ ਰੇਖਾ!

ਪਟਿਆਲਾ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਅਤੇ ਫੇਰ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਮਗਰੋਂ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਮੁਤਾਬਕ ਨਵਜੋਤ ਸਿੰਘ ਸਿੱਧੂ ਦੀ ਸੁਰੱਖਿਆ ਵਧਾਈ ਗਈ ਸੀ, ਪਰ ਇਸ ਦੌਰਾਨ ਮੰਗਲਵਾਰ ਪਹਿਲੀ ਵਾਰ ਉਹ ਬਿਨਾਂ ਸੁਰੱਖਿਆ ਅਮਲੇ ਤੋਂ ਆਪਣੇ ਇੱਕ ਨੇੜਲੇ ਮਿੱਤਰ ਤੇ ਪੰਜਾਬ ਕਾਂਗਰਸ ਦੇ ਖਜ਼ਾਨਚੀ ਗੁਲਜ਼ਾਰ ਇੰਦਰ ਸਿੰਘ ਚਹਿਲ (ਪਠਾਣ) ਨਾਲ ਉਸ ਦੀ ਲਗਜ਼ਰੀ ਕਾਰ ਵਿੱਚ ਪਠਾਣ ਦੀ ਬਡੂੰਗਰ ਵਾਲੀ ਰਿਹਾਇਸ਼ ਉੱਤੇ ਗਏ ਸਨ। ‘ਪਠਾਣ’ ਵਜੋਂ ਜਾਣੇ ਜਾਂਦੇ ਗੁਲਜ਼ਾਰ ਇੰਦਰ ਚਹਿਲ ਸੇਵਾਮੁਕਤ ਡੀ ਆਈ ਜੀ ਹਰਿੰਦਰ ਸਿੰਘ ਚਹਿਲ ਦੇ ਪੁੱਤਰ ਅਤੇ ਕ੍ਰਿਕਟ ਖਿਡਾਰੀ ਹੋਣ ਕਰ ਕੇ ਪਿਛਲੀ ਕੈਪਟਨ ਸਰਕਾਰ ਨੇ ਉਸ ਨੂੰ ਡੀ ਐਸ ਪੀ ਭਰਤੀ ਕਰ ਲਿਆ ਸੀ, ਪਰ ਵਿਵਾਦ ਛਿੜਨ ਕਰ ਕੇ ਉਸ ਨੂੰ ਡੀ ਐਸ ਪੀ ਅਹੁਦਾ ਛੱਡ ਦਿੱਤਾ ਸੀ।

ਸੱਤਾ ਤਬਦੀਲੀ ਦੇ ਬਾਅਦ ਨਵਜੋਤ ਸਿੰਘ ਸਿੱਧੂ ਨੇ ਗੁਲਜ਼ਾਰ ਇੰਦਰ ਸਿੰਘ ਚਹਿਲ ਉਰਫ ਪਠਾਣ ਨੂੰ ਕਾਂਗਰਸ ਦਾ ਸੂਬਾਈ ਖਜ਼ਾਨਚੀ ਬਣਾ ਦਿੱਤਾ ਤੇ ਸਰਕਾਰ ਵਿੱਚਵੀ ਕੋਈ ਹੋਰ ਅਹਿਮ ਤੇ ਵੱਡੀ ਜ਼ਿੰਮੇਵਾਰੀ ਦੇਣ ਦੀ ਤਿਆਰੀ ਸੀ। ਸਿੱਧੂ ਅਤੇ ਪਠਾਣ ਤਿੰਨ ਘੰਟੇ ਇਕੱਠੇ ਰਹੇ। ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕੀ, ਪਰ ਕਿਹਾ ਜਾਂਦਾ ਹੈ ਕਿ ਇਸ ਦੌਰਾਨ ਹੀ ਨਵਜੋਤ ਸਿੰਘ ਸਿੱਧੂ ਦੇ ਅਸਤੀਫੇ ਦੀ ਰੂਪ ਰੇਖਾ ਬਣਾਈ ਗਈ ਸੀ।

# ਜਾਤੀ ਸੂਚਕ ਸ਼ਬਦ ਬੋਲਣ ਕਾਰਨ ਸਰਪੰਚ ਤੇ ਚੌਕੀ ਇੰਚਾਰਜ ਵਿਰੁੱਧ ਧਰਨਾ

ਜਲੰਧਰ ਛਾਉਣੀ, 30 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਨਾਲ ਲੱਗਦੇ ਪਿੰਡ ਜਮਸ਼ੇਰ ਖਾਸ ਵਿੱਚ ਬੀਤੇ ਦਿਨ ਜੰਡਿਆਲਾ ਚੌਕੀ ਦੇ ਪਿੰਡ ਚੌਲਾਂਗ ਦੇ ਲੋਕਾਂ ਨੇ ਚੌਕੀ ਇੰਚਾਰਜ ਅਤੇ ਪਿੰਡ ਦੇ ਸਰਪੰਚ ਵਿਰੁੱਧ ਰਸਤਾ ਜਾਮ ਕਰ ਕੇ ਰੋਸ ਪ੍ਰਦਰਸ਼ਨ ਕੀਤਾ ਹੈ, ਜਿਸ ਬਾਰੇ ਜਾਂਚ ਕੀਤੀ ਜਾ ਰਹੀ ਸੁਣੀਂਦੀ ਹੈ। ਸੁੱਚਾ ਸਿੰਘ ਨੇ ਦੱਸਿਆ ਕਿ ਚੌਲਾਂਗ ਦਾ ਸਰਪੰਚ ਗੁਰਮੀਤ ਸਿੰਘ ਅਤੇ ਉਸ ਦਾ ਸਾਥੀ ਪਿਆਰਾ ਸਿੰਘ ਕਾਫੀ ਸਮੇਂ ਤੋਂ ਉਨ੍ਹਾਂ ਨੂੰ ਜਾਤੀਸੂਚਕ ਸ਼ਬਦ ਬੋਲ ਕੇ ਉਸ ਨੂੰ ਪ੍ਰੇਸ਼ਾਨ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅੱਠ ਸਤੰਬਰ ਨੂੰ ਸਵੇਰੇ 8.30 ਵਜੇ ਦੇ ਕਰੀਬ ਗੁਰਮੀਤ ਸਿੰਘ ਤੇ ਪਿਆਰਾ ਸਿੰਘ ਨੇ ਉਨ੍ਹਾਂ ਦੀ ਨੂੰਹ ਰਜਨੀ ਨੂੰ ਨਾ ਕੇਵਲ ਬੁਰਾ-ਭਲਾ ਕਿਹਾ, ਸਗੋਂ ਉਸ ਉੱਤੇ ਹੱਥ ਵੀ ਉਠਾ ਦਿੱਤਾ। ਜਦ ਉਸ ਨੇ ਕੁਝ ਕਿਹਾ ਤਾਂ ਉਸ ਦੇ ਖਿਲਾਫ ਜੰਡਿਆਲਾ ਚੌਕੀ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ। ਇਸ ਦੇ ਬਾਅਦ ਚੌਕੀ ਇੰਚਾਰਜ ਸੁਰਿੰਦਰ ਸਿੰਘ ਨੇ ਸਰਪੰਚ ਦੇ ਦਬਾਅ ਕਾਰਨ ਇਕਤਰਫਾ ਕਾਰਵਾਈ ਕਰਦੇ ਹੋਏ ਉਸ ਦੀ ਨੂੰਹ ਨਾਲ ਦੁਰ-ਵਿਹਾਰ ਕੀਤਾ ਅਤੇ ਥਾਣੇ ਲਿਜਾ ਕੇ ਕਰੀਬ ਪੰਜ ਘੰਟੇ ਬਿਠਾਇਆ ਅਤੇ ਉਸ ਦੇ ਖਿਲਾਫ ਝਗੜਾ ਕਰਨ ਦਾ ਕੇਸ ਦਰਜ ਕਰ ਦਿੱਤਾ। ਇਹ ਸਾਰਾ ਘਟਨਾਕ੍ਰਮ ਓਦੋਂ ਹੋਇਆ, ਜਦ ਨਾ ਉਸ ਦਾ ਬੇਟਾ ਘਰਸੀ ਅਤੇ ਨਾ ਹੀ ਉਹ ਖੁਦ ਘਰ ਸਨ। ਰਜਨੀ ਨੇ ਪੁਲਸ ਤੋਂ ਸਮਾਂ ਮੰਗਿਆ ਸੀ ਕਿ ਉਸ ਦਾ ਸਹੁਰਾ ਅਤੇ ਪਤੀ ਘਰ ਆ ਜਾਣਗੇ ਤਾਂ ਉਹ ਥਾਣੇ ਆ ਜਾਏਗੀ। ਸਰਪੰਚ ਦੀ ਮਨਮਾਨੀ ਅਤੇ ਪੁਲਸ ਦੀ ਇਕਤਰਫਾ ਕਾਰਵਾਈ ਖਿਲਾਫ ਪਿੰਡ ਵਾਸੀ ਥਾਣਾ ਸਦਰ ਦੇ ਬਾਹਰ ਧਰਨੇ ਉੱਤੇ ਬੈਠ ਗਏ ਅਤੇ ਚੌਕੀ ਇੰਚਾਰਜ ਗੁਰਮੀਤ ਸਿੰਘ ਦੇ ਖਿਲਾਫ ਨਾਅਰੇਬਾਜ਼ੀ ਕੀਤੀ।ਏ ਸੀ ਪੀ ਮੇਜਰ ਸਿੰਘ ਨੇ ਕਰੀਬ ਤਿੰਨ ਘੰਟੇ ਬਾਅਦ ਪੀੜਤਾਂ ਦੀ ਮੰਗ ਉੱਤੇ ਸਰਪੰਚ ਖਿਲਾਫ ਵੀ ਝਗੜਾ ਕਰਨ ਦਾ ਮਾਮਲਾ ਦਰਜ ਕਰ ਦਿੱਤਾ। ਇਸ ਦੇ ਬਾਅਦ ਲੋਕ ਸ਼ਾਂਤ ਹੋਏ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਗੁਰਦੁਆਰੇ ਦੀ ਥਾਂ ਬਣਦੀਆਂ ਦੁਕਾਨਾਂ ਦਾ ਕਮੇਟੀ ਵੱਲੋਂ ਵਿਰੋਧ ਕਰਨ ’ਤੇ ਗੋਲੀਆਂ ਚਲੀਆਂ

ਭਿੱਖੀਵਿੰਡ, 30 ਸਤੰਬਰ (ਪੋਸਟ ਬਿਊਰੋ)- ਕਾਂਗਰਸੀ ਸਰਪੰਚ ਵੱਲੋਂ ਬਾਬਾ ਜੀਵਨ ਸਿੰਘ ਦੇ ਗੁਰਦੁਆਰਾ ਅਸਥਾਨ ਪਿੰਡ ਦਿਆਲਪੁਰ ਵਿੱਚ ਗੁੰਡਾਗਰਦੀ ਕਰ ਕੇ ਗੁਰਦੁਆਰਾ ਸਾਹਿਬ ਦੀ ਥਾਂ ਵਿੱਚ ਧੱਕੇ ਨਾਲ ਦੁਕਾਨਾਂ ਦੀ ਉਸਾਰੀ ਕਰ ਕੇ ਉਨ੍ਹਾਂ ਨੂੰ ਵੇਚਣ ਦਾ ਗੁਰਦੁਆਰਾ ਕਮੇਟੀ ਵੱਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ। ਇਸ ਵਿਵਾਦ ਦੌਰਾਨ ਕੱਲ੍ਹ ਇਕੱਤਰ ਹੋ ਕੇ ਸਰਪੰਚ ਅਤੇ ਉਸ ਦੇ ਕੁਝ ਸਾਥੀਆਂ ਨੇ ਗੁਰਦੁਆਰਾ ਸਾਹਿਬ ਵਿੱਚ ਇੱਟਾਂ-ਰੋੜੇ ਅਤੇ ਗੋਲੀਆਂ ਚਲਾਈਆਂ ਤੇ ਗੋਲੀ ਲੱਗਣ ਕਾਰਨ ਇੱਕ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ।

ਵਰਨਣ ਯੋਗ ਹੈ ਕਿ ਗੁਰਦੁ-ਆਰਾ ਸਾਹਿਬ ਦੀ ਕੰਧ ਉੱਤੇ ਪੰਚ-ਾਇਤ ਵੱਲੋਂ ਜ਼ਬਰਦਸਤੀ ਦੁਕਾਨਾਂ ਦੀ ਉਸਾਰੀ ਬਾਰੇ ਵਿਵਾਦ ਕਾਫ਼ੀ ਦਿਨਾਂ ਤੋਂ ਚੱਲ ਰਿਹਾ ਸੀ। ਕੱਲ੍ਹ ਰਾਤ ਸਰਪੰਚ ਅੰਮ੍ਰਿਤਪਾਲ ਸਿੰਘ ਨੇ ਸ਼ਰੇਆਮ ਗੁੰਡਾਗਰਦੀ ਕਰਦੇ ਹੋਏ ਹੋਰ ਗੁੰਡਾ ਅਨਸਰਾਂ ਨੂੰ ਲੈ ਕੇ ਰਾਤ ਸਮੇਂ ਹਮਲਾ ਕਰ ਦਿੱਤਾ ਅਤੇ ਗੁਰਦੁਆਰਾ ਸਾਹਿਬ ਵਿੱਚ ਇੱਟਾਂ ਰੋੜੇ ਅਤੇ ਗੋਲੀਆਂ ਚਲਾਈਆਂ ਜਿਸ ਨਾਲ ਇੱਕ ਵਿਅਕਤੀ ਦੀ ਗਰਦਨ ਵਿੱਚ ਗੋਲੀ ਲੱਗ ਗਈ ਅਤੇ ਉਹ ਗੰਭੀਰ ਜ਼ਖ਼ਮੀ ਹੋ ਗਿਆ। ਥਾਣਾ ਕੱਚਾ ਪੱਕਾ ਵੱਲੋਂ ਕੇਸ ਦਰਜ ਕੀਤਾ ਗਿਆ ਹੈ।



# ਮੁਕੇਸ਼ ਅੰਬਾਨੀ ਦੇ ਕੁੜਮ ਅਜੇ ਪੀਰਾਮਲ ਨੇ ਡੀ ਐਚ ਐਫ ਐਲ ਖਰੀਦ ਲਈ

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਰਿਲਾਇੰਸ ਇੰਡਸਟ੍ਰੀਜ਼ ਦੇ ਮੁਕੇਸ਼ ਅੰਬਾਨੀ ਦੇ ਕੁੜਮ ਅਜੇ ਪੀਰਾਮਲ ਨੇ 34 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਸੌਦੇ ਵਿੱਚ ਦੀਵਾਨ ਹਾਊਸਿੰਗ ਫਾਇਨਾਂਸ ਲਿਮਟਿਡ (ਡੀ ਐਚ ਐਫ ਐਲ) ਖਰੀਦ ਲਈ ਹੈ। ਪੀਰਾਮਲ ਗਰੁੱਪ ਦੇ ਮੁੱਖੀ ਨੇ ਇਸ ਸੌਦੇ ਲਈ 14,700 ਕਰੋੜ ਰੁਪਏ ਦਾ ਨਕਦ ਭੁਗਤਾਨ ਕੀਤਾ ਹੈ। ਇਸ ਸੌਦੇ ਨਾਲ ਵੱਖ-ਵੱਖ ਬੈਂਕਾਂ ਨੂੰ ਕਰਜ਼ੇ ਦੇ ਫਸੇ ਪੈਸੇ ਵਾਪਸ ਮਿਲਣ ਦੀ ਉਮੀਦ ਹੈ।

ਪੀਰਾਮਲ ਇੰਟਰਪ੍ਰਾਈਜਿਜ਼ ਲਿਮਟਿਡ ਨੇ ਕਿਹਾ ਹੈ ਕਿ ਉਸ ਨੇ ਬੈਂਕਰਪਟ ਐਲਾਨੀ ਗਈ ਡੀ ਐਚ ਐਫ ਐਲਨੂੰ ਪ੍ਰਾਪਤ ਕਰ ਲਿਆ ਹੈ। ਪੀਰਾਮਲ ਇੰਟਰਪ੍ਰਾਈਜਿਜ਼ ਨੇ ਦੱਸਿਆ ਕਿ ਰੈਜ਼ੋਲਿਊਸ਼ਨ ਪਲਾਨ ਦੇ ਹਿਸਾਬ ਨਾਲ ਡੀ ਐਚ ਐਫ ਐਲਦੇ ਕਰਜਾਦਾਤਾਵਾਂ ਨੂੰ 14,700 ਕਰੋੜ ਰੁਪਏ ਨਕਦ ਭੁਗਤਾਨ ਕੀਤਾ ਹੈ। ਅਜੇ ਪੀਰਾਮਲ ਨੇ ਇੱਕ ਆਨਲਾਈਨ ਪ੍ਰੈਸ ਕਾਰਫਰੰਸ ਵਿੱਚ ਦੱਸਿਆ ਕਿ ਰੈਜ਼ੋਲਿਊਸ਼ਨ ਕਾਰਨ ਡੀ ਐਚ ਐਫ ਐਲ ਵਿੱਚ ਬੈਂਕਾਂ ਦੇ ਫਸੇ ਲੱਗਭਗ 46 ਫੀਸਦੀ ਪੈਸੇ ਰਿਕਵਰ ਹੋ ਜਾਣਗੇ। ਕੰਪਨੀ ਦਾ ਨਾਂ ਬਦਲ ਕੇ ਪੀਰਾਮਲ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ (ਪੀ ਸੀ ਐਚ ਐਫ ਐਲ) ਹੋ ਜਾਏਗਾ। ਡੀ ਐਚ ਐਫ ਐਲ ਦਾ ਪੀ ਸੀ ਐਚ ਐਫ ਐਲ ਵਿੱਚ ਰਲੇਵਾਂ ਕਰ ਦਿੱਤਾ ਜਾਏਗਾ।

ਵਰਨਣ ਯੋਗ ਹੈ ਕਿ ਇਹ ਪੂਰੀ ਡੀਲ 34,250 ਕਰੋੜ ਰੁਪਏ ਵਿੱਚ ਹੋਈ ਹੈ ਅਤੇ ਇਸ ਵਿੱਚ 14,700 ਕਰੋੜ ਰੁਪਏ ਨਕਦ ਤੋਂ ਇਲਾਵਾ ਨਾਲ ਕਨਵਰਟੀਬਲ ਡਿਬੈਂਚਰ (ਐਨ ਸੀ ਡੀ) ਸ਼ਾਮਲ ਹਨ। ਰੈਜ਼ੋਲਿਊਸ਼ਨ ਪਲਾਨ ਦੇ ਤਹਿਤ ਪੀਰਾਮਨ ਇੰਟਰਪ੍ਰਾਈਜਿਜ਼ ਲਿਮਟਿਡ ਨੇ 19,550 ਕਰੋੜ ਰੁਪਏ ਦਾ ਡਿਬੈਂਚਰ ਜਾਰੀ ਕੀਤਾ ਹੈ। ਇਹ ਡਿਬੈਂਚਰ 10 ਸਾਲਾਂ ਲਈ 6.75 ਫੀਸਦੀ ਦੀ ਦਰ ਉੱਤੇ ਜਾਰੀ ਕੀਤੇ ਹਨ। ਇਸ ਡੀਲ ਨੂੰ ਬੈਂਕਿੰਗ ਸੈਕਟਰ ਲਈ ਹਾਂ-ਪੱਖੀ ਮੰਨਿਆ ਜਾ ਰਿਹਾ ਹੈ। ਇਸ ਸੌਦੇ ਵਿੱਚ ਡੀ ਐਚ ਐਫ ਐਲ ਨੂੰ ਕਰਜ਼ਾ ਦੇਣ ਵਾਲੇ ਬੈਂਕਾਂ ਨੂੰ 3,800 ਕਰੋੜ ਰੁਪਏ ਨਕਦ ਮਿਲ ਗਏ ਹਨ। ਇਹ ਨਕਦੀ ਡੀ ਐਚ ਐਫ ਐਲ ਕੋਲ ਸੀ। ਇਸ ਤਰ੍ਹਾਂ ਡੀ ਐਚ ਐਫ ਐਲ ਦੇ ਕਰਜਾਦਾਤਾਵਾਂ ਨੂੰ ਇਸ ਸੌਦੇ ਨਾਲ ਕੁਲ 38,050 ਕਰੋੜ ਰੁਪਏ ਮਿਲਣਗੇ। ਇਸ ਸੌਦੇ ਨੂੰ ਦੀਵਾਲਾ ਅਤੇ ਦਿਵਾਲੀਆ ਕੋਡ ਹੇਠ ਅੱਜ ਤਕ ਦਾ ਸਭ ਤੋਂ ਵੱਡਾ ਰੈਜ਼ੋਲਿਊਸ਼ਨ ਦੱਸਿਆ ਜਾ ਰਿਹਾ ਹੈ।ਰਲੇਵੇਂ ਤੋਂ ਬਾਅਦ ਸਾਹਮਣੇ ਆਈ ਕੰਪਨੀ ਪੀ ਸੀ ਐਚ ਐਫ ਐਲ ਕੋਲ 10 ਲੱਖ ਤੋਂ ਵੱਧ ਗਾਹਕਾਂ ਦਾ ਅਕਸੈਸ ਹੋਵ-ੇਗਾ। ਕੰਪਨੀ 301 ਬ੍ਰਾਂਚਾਂ ਅਤੇ 2338 ਕਰਮਚਾਰੀਆਂ ਨਾਲ ਦੇਸ਼ ਦੇ 21 ਸੂਬਿਆਂ ਵਿੱਚ ਮੌਜੂਦ ਹੋਵੇਗੀ। ਕੰਪਨੀ ਦੀ ਯੋਜਨਾ ਆਉਣ ਵਾਲੇ ਸਮੇਂ ਵਿੱਚ 1000 ਨਵੇਂ ਕਰਮਚਾਰੀ ਬਹਾਲ ਕਰਨ ਦੀ ਹੈ। ਇਸ ਤੋਂ ਇਲਾਵਾ ਕੰਪਨੀ ਅਗਲੇ ਪੰਜ ਸਾਲ ਵਿੱਚ ਬ੍ਰਾਂਚਾਂ ਦੀ ਗਿਣਤੀ ਵੀ 1000 ਤੋਂ ਵੱਧ ਕਰਨਾ ਚਾਹੁੰਦੀ ਹੈ।

# ਫੜ੍ਹੇ ਗਏ ਅੱਤਵਾਦੀ ਨੇ ਪਾਕਿਸਤਾਨ ਦੀ ਪੋਲ ਖੋਲ੍ਹੀ

ਸ੍ਰੀਨਗਰ, 30 ਸਤੰਬਰ (ਪੋਸਟ ਬਿਊਰੋ)- ਬੀਤੇ ਦਿਨੀਂ ਜੰਮੂ-ਕਸ਼ਮੀਰ ਦੇ ਉੜੀ ਸੈਕਟਰ ਵਿੱਚ ਫ਼ੌਜ ਦੇ ਘੁਸਪੈਠੀਆਂ ਨਾਲ ਹੋਏ ਮੁਕਾਬਲੇ ਦੌਰਾਨ ਜਿਊਂਦੇ ਕਾਬੂ ਕੀਤੇ ਗਏ ਪਾਕਿਸਤਾਨੀ ਅੱਤਵਾਦੀ ਅਲੀ ਬਾਬਰ ਪਾਤਰਾ ਨੇ ਪਾਕਿਸਤਾਨੀ ਫ਼ੌਜ, ਆਈ ਐਸ ਆਈ ਅਤੇ ਲਸ਼ਕਰ-ਏ-ਤੋਇਬਾ ਦੀ ਪੋਲ ਖੋਲ੍ਹਦਿਆਂ ਕਈ ਖੁਲਾਸੇ ਕੀਤੇ ਹਨ।



ਪਾਕਿਸਤਾਨੀ ਪੰਜਾਬ ਦੇ ਓਕਾੜਾ ਇਲਾਕੇ ਦੇ ਉਕਤ ਅੱਤਵਾਦੀ ਨੇ ਪਾਕਿਸਤਾਨੀ ਫ਼ੌਜ ਉੱਤੇ ਗ਼ਰੀਬ ਅਤੇ ਮਜ਼ਬੂਰ ਨੌਜਵਾਨਾਂ ਨੂੰ ਅੱਤਵਾਦੀ ਸੰਗਠਨ ਲਸ਼ਕਰ ਵਿੱਚ ਸ਼ਾਮਲ ਕਰਵਾਉਣ ਅਤੇ ਕਸ਼ਮੀਰ ਵਿੱਚ ਝੂਠੇ ਜਿਹਾਦ ਦੇ ਨਾਂਅ ਉੱਤੇ ਉਕਸਾਉਣ ਦੇ ਦੋਸ਼ ਲਾਏ ਹਨ। ਉਸ ਨੇ ਦੱਸਿਆ ਕਿ ਉਸ ਨੂੰ 9 ਹੋਰ ਨੌਜਵਾਨਾਂ ਨਾਲ ਪਾਕਿਸਤਾਨੀ ਫ਼ੌਜ ਦੇ ਸੂਬੇਦਾਰ ਦੀ ਨਿਗਰਾਨੀ ਵਿੱਚ 2019 ਦੌਰਾਨ ਗੜ੍ਹੀ ਹਬੀਬ ਉਲਾ ਕੈਂਪ ਵਿੱਚ ਤਿੰਨ ਮਹੀਨੇ ਹਥਿਆਰਾਂ ਦੀ ਸਿਖਲਾਈ ਦਿੱਤੀ ਗਈ ਤੇ 2021 ਵਿੱਚ ਉਨ੍ਹਾਂ ਨੂੰ ਰਿਫਰੈਸ਼ਰ ਕੋਰਸ ਕਰਵਾਇਆ ਸੀ। ਲਸ਼ਕਰ ਵੱਲੋਂ ਉਸ ਨੂੰ ਵਿਧਵਾ ਮਾਂ ਦੇ ਇਲਾਜ ਦੇ ਲਈ 20 ਹਜ਼ਾਰ ਰੁਪਏ ਦਿੱਤੇ ਗਏ ਸੀ ਤੇ 30 ਹਜ਼ਾਰ ਹੋਰ ਦੇਣ ਦਾ ਵਾਅਦਾ ਕੀਤਾ ਗਿਆ ਸੀ। ਬਾਬਰ ਨੇ ਦੱਸਿਆ ਕਿ ਪਾਕਿ ਫ਼ੌਜ ਦੀ ਮਦਦ ਨਾਲ ਲਸ਼ਕਰ ਦੇ ਛੇ ਅੱਤਵਾਦੀਆਂ ਨੇ ਮਾਰੇ ਗਏ ਕਾਰੀ ਰਹਿਮਾਨ (33) ਸਮੇਤ ਉੜੀ ਸੈਕਟਰ ਵਿੱਚ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਭਾਰਤੀ ਫ਼ੌਜ ਦੀ ਜਵਾਬੀ ਗੋਲੀਬਾਰੀ ਦੌਰਾਨ ਉਸ ਦੇ ਚਾਰ ਸਾਥੀ ਵਾਪਸ ਮਕਬੂਜ਼ਾ ਕਸ਼ਮੀਰ ਭੱਜ ਗਏ ਤੇ ਉਸ ਨੇ ਆਪਣੀ ਜਾਨ ਬਚਾਉਣ ਲਈ ਨਾਲੇ ਵਿੱਚ ਛਾਲ ਮਾਰ ਦਿੱਤੀ ਸੀ। ਉਸ ਨੇ ਜਵਾਨਾਂ ਨੂੰ ਜਾਨ ਬਖ਼ਸ਼ਣ ਲਈ ਕਿਹਾ ਤੇ ਉਨ੍ਹਾਂ ਉਸ ਉੱਤੇ ਗੋਲੀ ਨਹੀਂ ਚਲਾਈ। ਬਾਬਰ ਨੇ 26 ਸਤੰਬਰ ਨੂੰ ਫ਼ੌਜ ਕੋਲ ਆਤਮ-ਸਮਰਪਣ ਕੀਤਾ ਸੀ। ਉਸ ਨੇ ਕਿਹਾ ਕਿ ਆਈ ਐਸ ਆਈ ਕਸ਼ਮੀਰ ਵਿੱਚ ਮੁਸਲਮਾਨਾਂ ਦੇ ਹੋ ਰਹੇ ਕਤਲੇਆਮ, ਨਮਾਜ਼ ਨਾ ਪੜ੍ਹਨ ਦੇਣ ਦਾ ਝੂਠਾ ਪ੍ਰਚਾਰ ਕਰ ਰਹੀ ਹੈ, ਜਦਕਿ ਉਹ ਇੱਥੇ ਬਾਂਗ (ਅਜ਼ਾਨ) ਦੀ ਆਵਾਜ਼ ਸੁਣ ਰਿਹਾ ਹੈ। ਬਾਬਰ ਨੇ ਵੀਡੀਓ ਜ਼ਰੀਏ ਲਸ਼ਕਰ, ਆਈ ਐਸ ਆਈ ਅਤੇ ਪਾਕਿਸਤਾਨੀ ਫ਼ੌਜ ਨੂੰ ਨੌਜਵਾਨਾਂ ਨੂੰ ਗੁੰਮਰਾਹ ਨਾ ਕਰਨ ਲਈ ਕਿਹਾ ਅਤੇ ਉਸ ਨੂੰ ਜਿਸ ਤਰ੍ਹਾਂ ਇਧਰ ਭੇਜਿਆ ਗਿਆ ਉਸੇ ਤਰ੍ਹਾਂ ਵਾਪਸ ਉਸ ਦੀ ਮਾਂ ਕੋਲ ਵਾਪਸ ਲੈ ਜਾਣ ਦੀ ਅਪੀਲ ਕੀਤੀ ਹੈ।

# ਪਤਨੀ, ਬੇਟੇ, ਬੇਟੀ ਅਤੇ ਭਤੀਜੀ ਦੀ ਹੱਤਿਆ ਪਿੱਛੋਂ ਹੋਟਲ ਦੇ ਮਾਲਕ ਵੱਲੋਂ ਆਤਮ ਹੱਤਿਆ



ਪਲਵਰ, 30 ਸਤੰਬਰ (ਪੋਸਟ ਬਿਊਰੋ)- ਹਰਿਆਣਾ ਦੇ ਪਲਵਲ ਜ਼ਿਲ੍ਹੇ ਦੇ ਪਿੰਡ ਔਰੰਗਾਬਾਦ ਵਿੱਚ ਇੱਕੋ ਪਰਵਾਰ ਦੇ ਤਿੰਨ ਬੱਚਿਆਂ ਸਮੇਤ ਪੰਜ ਵਿਅਕਤੀਆਂ ਦੀ ਭੇਤ ਭਰੇ ਢੰਗ ਨਾਲ ਹੋਈ ਮੌਤ ਹੋ ਗਈ ਹੈ।

ਪੁਲਸ ਮੁਤਾਬਕ ਨਰੇਸ਼ ਕੁਮਾਰ ਦੇ ਪਿਤਾ ਲੱਖੀ ਰਾਮ ਨੇ ਕੱਲ੍ਹ ਸਵੇਰੇ ਘਰ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਕੋਈ ਆਵਾਜ਼ ਨਹੀਂ ਆਈ। ਉਸ ਨੇ ਗੁਆਂਢੀ ਨੂੰ ਇਸ ਬਾਰੇ ਦੱਸਿਆ। ਜਦੋਂ ਦਰਵਾਜ਼ਾ ਤੋੜਿਆ ਤਾਂ ਅੰਦਰ ਸਭ ਮ੍ਰਿਤਕ ਹਾਲਤ ਵਿੱਚ ਸਨ। ਨਰੇਸ਼ ਕੁਮਾਰ ਦੀ ਲਾਸ਼ ਛੱਤ ਦੇ ਪੱਖੇ ਨਾਲ ਲਟਕ ਰਹੀ ਸੀ ਤੇ ਪਰਵਾਰ ਦੇ ਬਾਕੀ ਚਾਰ ਮੈਂਬਰਾਂ ਦੀਆਂ ਲਾਸ਼ਾਂ ਵੱਖ-ਵੱਖ ਬੈਡਾਂ ਉੱਤੇ ਪਈਆਂ ਸਨ। ਮ੍ਰਿਤਕ ਨਰੇਸ਼ ਕੁਮਾਰ ਝਾਂਸੀ ਵਿੱਚ ਹੋਟਲ ਨਾਲ ਪਰਵਾਰ ਪਾਲਦਾ ਸੀ। ਉਹ ਇੱਕ ਦਿਨ ਪਹਿਲਾਂ ਝਾਂਸੀ ਤੋਂ ਆਪਣੇ ਘਰ ਆਇਆ ਸੀ। ਮ੍ਰਿਤਕਾਂ ਵਿੱਚ ਨਰੇਸ਼ ਕੁਮਾਰ (33), ਆਰਤੀ (30), ਰਵਿਤਾ (11), ਭਾਵਨਾ (9) ਅਤੇ ਸੰਜੇ (7) ਸ਼ਾਮਲ ਹਨ। ਸ਼ੱਕ ਹੈ ਕਿ ਪਰਵਾਰਕ ਕਲੇਸ਼ ਕਾਰਨ ਨਰੇਸ਼ ਕੁਮਾਰ ਨੇ ਪਤਨੀ, ਦੋ ਬੱਚਿਆਂ ਅਤੇ ਭਤੀਜੀ ਨੂੰ ਜ਼ਹਿਰ ਦੇ ਕੇ ਜਾਂ ਗਲਾ ਘੁੱਟ ਕੇ ਮਾਰ ਦਿੱਤਾ ਅਤੇ ਫਿਰ ਆਤਮ-ਹੱਤਿਆ ਕਰ ਲਈ।

# ਸੀਨੀਆਰਟੀ ਦਾਅਵਾ ਓਦੋਂ ਤੋਂ ਨਹੀਂ ਹੋ ਸਕਦਾ, ਜਦ ਮੁਲਾਜ਼ਮ ਸੇਵਾ ਵਿੱਚ ਹੀ ਨਹੀਂ ਸੀ

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਬਿਹਾਰ ਸਰਕਾਰ ਵੱਲੋਂ ਇੱਕ ਵਿਅਕਤੀ ਦੀ ਨੌਕਰੀ ਵਿੱਚ ਪਹਿਲ ਦੇ ਆਧਾਰ ਉੱਤੇ ਸੀਨੀਆਰਟੀ ਨੂੰ ਚੁਣੌਤੀ ਦੇਂਦੀ ਅਪੀਲ ਮਨਜ਼ੂਰ ਕਰਦੇ ਹੋਏ ਕਿਹਾ ਕਿ ਉਸ ਤਰੀਕ ਤੋਂ ਸੀਨੀਆਰਟੀ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ, ਜਦ ਕਰਮਚਾਰੀ ਸੇਵਾ ਵਿੱਚ ਹੀ ਨਹੀਂ ਸੀ।



ਸੁਪਰੀਮ ਕੋਰਟ ਨੇ ਕਿਹਾ ਕਿ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਜਦ ਤਕ ਕੋਰਟ ਤੋਂ ਹੁਕਮ ਨਹੀਂ ਦਿੱਤਾ ਜਾਂਦਾ ਜਾਂ ਲਾਗੂ ਨਿਯਮਾਂ ਵਿੱਚ ਸਪੱਸ਼ਟ ਵੇਰਵਾ ਨਹੀਂ ਹੈ, ਤਦ ਤਕ ਪਹਿਲਾਂ ਦੇ ਆਧਾਰ ਤੋਂ ਸੀਨੀਆਰਟੀ ਦੀ ਮਨਜ਼ੂਰੀ ਨਹੀਂ ਦਿੱਤੀ ਜਾਣੀ ਚਾਹੀਦੀ, ਕਿਉਂਕਿ ਅਜਿਹਾ ਕਰਨ ਤੋਂ ਪਹਿਲਾਂ ਸੇਵਾ ਵਿੱਚ ਸ਼ਾਮਲ ਹੋਣ ਵਾਲੇ ਬਾਕੀ ਲੋਕ ਪ੍ਰਭਾਵਤ ਹੋਣਗੇ। ਜਸਟਿਸ ਆਰ ਸੁਭਾਸ਼ ਰੈਡੀ ਅਤੇ ਜਸਟਿਸ ਰਿਸ਼ੀਕੇਸ਼ ਰਾਏ ਦੀ ਬੈਂਚ ਨੇ ਕਿਹਾ ਕਿ ਸੇਵਾ ਕਾਨੂੰਨ ਦੇ ਖੇਤਰ ਵਿੱਚ ਨਿਆਂ ਸ਼ਾਸਤਰ ਸਾਨੂੰ ਸਲਾਹ ਦੇਵੇਗਾ ਕਿ ਪਹਿਲ ਦੇ ਆਧਾਰ ਉੱਤੇ ਸੀਨੀਆਰਟੀ ਦਾ ਦਾਅਵਾ ਉਸ ਤਰੀਕ ਤੋਂ ਨਹੀਂ ਕੀਤਾ ਜਾ ਸਕਦਾ, ਜਦ ਕੋਈ ਮੁਲਾਜ਼ਮ ਸੇਵਾ ਹੀ ਵਿੱਚ ਨਹੀਂ ਸੀ। ਸੁਪਰੀਮ ਕੋਰਟ ਪਟਨਾ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਬਿਹਾਰ ਸਰਕਾਰ ਵੱਲੋਂ ਦਾਖਲ ਇੱਕ ਅਪੀਲ ਉੱਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਇੱਕ ਬਾਸ਼ਿੰਦੇ ਵੱਲੋਂ ਪਹਿਲਾਂ ਦੇ ਆਧਾਰ ਉੱਤੇ ਸੀਨੀਆਰਟੀ ਦਿੱਤੇ ਜਾਣ ਦੀ ਅਪੀਲ ਕਰਨ ਵਾਲੀ ਪਟੀਸ਼ਨ ਨੂੰ ਮਨਜ਼ੂਰੀ ਦਿੱਤੀ ਗਈ ਸੀ। ਉਸ ਵਿਅਕਤੀ ਨੇ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਮਨਜ਼ੂਰੀ ਦਿੱਤੀ ਤੇ ਉਨ੍ਹਾਂ ਨੂੰ ਬਿਹਾਰ ਹੋਮ ਗਾਰਡ ਦੇ ਕਮਾਂਡੈਂਟ ਦੇ ਹੁਕਮ ਮਗਰੋਂ 27 ਫਰਵਰੀ 1996 ਨੂੰ ਨਿਯੁਕਤ ਕੀਤਾ ਗਿਆ ਸੀ। ਸੇਵਾ ਵਿੱਚ ਸ਼ਾਮਲ ਹੋਣ ਦੇ ਛੇ ਸਾਲ ਬਾਅਦ 2002 ਵਿੱਚ ਵਿਅਕਤੀ ਨੇ ਪੰਜ ਦਸੰਬਰ 1985 ਤੋਂ ਸੀਨੀਆਰਟੀ ਦਾ ਦਾਅਵਾ ਕਰਦੇ ਹੋਏ ਅਰਜ਼ੀ ਦਿੱਤੀ, ਪ੍ਰੰਤੂ ਅਧਿਕਾਰੀਆਂ ਨੇ ਇਸ ਆਧਾਰ ਉੱਤੇ ਦਾਅਵਾ ਰੱਦ ਕਰ ਦਿੱਤਾ ਕਿ ਉਨ੍ਹਾਂ ਨੂੰ ਨੌਕਰੀ 1996 ਵਿੱਚ ਮਿਲੀ ਸੀ ਅਤੇ ਉਹ 1985 ਵਿੱਚ ਸੇਵਾ ਵਿੱਚ ਨਹੀਂ ਸਨ। ਅਰਜ਼ੀ ਰੱਦ ਕਰਨ ਵਾਲੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਤਾਂ ਪਟਨਾ ਹਾਈ ਕੋਰਟ ਨੇ ਅਥਾਰਟੀ ਨੂੰ ਪੰਜ ਦਸੰਬਰ 1985 ਤੋਂ ਉਨ੍ਹਾਂ ਦੀ ਸੀਨੀਆਰਟੀ ਉੱਤੇ ਵਿਚਾਰ ਕਰਨ ਲਈ ਕਿਹਾ ਸੀ।ਸੁਪਰੀਮ ਕੋਰਟ ਨੇ ਕਿਹਾ ਕਿ ਪਟੀਸ਼ਨਰਵੱਲੋਂ ਤਰਸ ਦੇ ਆਧਾਰ ਉੱਤੇ ਇੱਥੇ ਸਵਾਲ ਨਹੀਂ ਉਠਾਇਆ ਜਾ ਰਿਹਾ, ਮਹੱਤਵਪੂਰਨ ਗੱਲ ਇਹ ਹੈ ਕਿ ਉਸ ਸਮੇਂ ਦੌਰਾਨ ਇੱਕ ਵੀ ਦਿਨ ਕੰਮ ਕੀਤੇ ਬਿਨਾਂ 10 ਸਾਲ ਦੀ ਸੀਨੀਆਰਟੀ ਲਾਭ ਦਾ ਦਾਅਵਾ ਕਰ ਰਿਹਾ ਹੈ। ਬੈਂਚ ਨੇ ਕਿਹਾ ਕਿ ਇਹ ਚੋਣ ਦੁਆਰਾ ਭਰਤੀ ਦਾ ਮਾਮਲਾ ਨਹੀਂ ਹੈ ਅਤੇ ਇਸ ਅਦਾਲਤ ਦੇ ਹੁਕਮ ਉੱਤੇ ਤਰਸ ਦੇ ਆਧਾਰ ਉੱਤੇ ਨਿਯੁਕਤੀ ਹੋਈ ਸੀ।

# ਬੱਬਰ ਖ਼ਾਲਸਾ ਦੇ ਬੰਦੇ ਨੂੰ ਪਿਸਤੌਲ ਦੇਣ ਦੇ ਦੋਸ਼ ਵਿੱਚ ਸਾਬਕਾ ਏ ਸੀ ਪੀ ਨੂੰ ਜ਼ਮਾਨਤ ਮਿਲੀ

ਮੁੰਬਈ, 30 ਸਤੰਬਰ (ਪੋਸਟ ਬਿਊਰੋ)- ਬਾਂਬੇ ਹਾਈ ਕੋਰਟ ਨੇ ਦਿੱਲੀ ਪੁਲਸ ਦੇ ਇੱਕ ਸਾਬਕਾ ਏ ਸੀ ਪੀ ਸੁੰਦਰਲਾਲ ਪਰਾਸ਼ਰ ਨੂੰ ਜਮਾਨਤ ਦੇ ਦਿੱਤੀ ਹੈ। ਪਰਾਸ਼ਰ ਨੂੰ ਐਨ ਆਈ ਏ ਨੇ ਖ਼ਾਲਿਸਤਾਨ ਲਈ ਖਾੜਕੂਵਾਦ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਇੱਕ ਗਰੁੱਪ ਨਾਲ ਜੁੜੇ ਬੰਦੇ ਨੂੰ ਪਿਸਤੌਲ ਦੇਣ ਦੇ ਦੋਸ਼ ਵਿੱਚ ਫੜਿਆ ਗਿਆ ਸੀ।

ਦਿੱਲੀ ਦੇ ਪਰਾਸ਼ਰ ਨੂੰ ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ 2019 ਵਿੱਚ ਗ੍ਰਿਫ਼ਤਾਰ ਕੀਤਾ ਸੀ। ਪਰਾਸ਼ਰ ਨੇ ਮੁੰਬਈ ਦੀ ਜਮਾਨਤ ਪਟੀਸ਼ਨ ਰੱਦ ਕੀਤੇ ਜਾਣ ਪਿੱਛੋਂ ਹਾਈ ਕੋਰਟ ਤਕ ਪਹੁੰਚ ਕੀਤੀ ਸੀ।ਜਸਟਿਸ ਐਸ ਐਸ ਸ਼ਿੰਦੇ ਅਤੇ ਜਸਟਿਸ ਐਨ ਜੇ ਜਮਾਨਤ ਦੇ ਡਿਵੀਜਨ ਬੈਂਚ ਨੇ ਪਰਾਸ਼ਰ ਨੂੰ ਵਿਸ਼ੇਸ਼ ਅਦਾਲਤ ਦੇ ਫ਼ੈਸਲੇ ਵਿਰੁੱਧ ਅਪੀਲ ਕਰਨ ਦੀ ਇਜਾਜ਼ਤ ਦਿੱਤੀ ਸੀ। ਹਾਈ ਕੋਰਟ ਨੇ ਵਿਸ਼ੇਸ਼ ਅਦਾਲਤ ਦਾ ਫ਼ੈਸਲਾ ਰੱਦ ਕਰਦਿਆਂ ਪਰਾਸ਼ਰ ਨੂੰ ਜਮਾਨਤ ਦੇ ਦਿੱਤੀ ਗਈ ਹੈ। ਬੈਂਚ ਨੇ ਪਰਾਸ਼ਰ ਨੂੰ ਅਗਲੇ ਛੇ ਮਹੀਨਿਆਂ ਲਈ ਮਹੀਨੇ ਵਿੱਚ ਇੱਕ ਵਾਰ ਐਨ ਆਈ ਏ ਦਫ਼ਤਰ ਵਿੱਚ ਹਾਜ਼ਰ ਹੋਣ ਦੇ ਨਿਰਦੇਸ਼ ਵੀ ਦਿੱਤੇ ਹਨ। ਵਕੀਲ ਮੁਬੀਨ ਸੋਲਕਰ ਵੱਲੋਂ ਦਾਇਰ ਆਪਣੀ ਅਰਜ਼ੀ ਵਿੱਚ ਪਰਾਸ਼ਰ ਨੇ ਕਿਹਾ ਸੀ ਕਿ ਉਸ ਦੇ ਵਿਰੁੱਧ ਕੋਈ ਸਬੂਤ ਨਹੀਂ ਹੈ ਅਤੇ ਐਨ ਆਈ ਏ ਇਸ ਮਾਮਲੇ ਵਿੱਚ ਉਸਦਾ ਰੋਲ ਸਾਬਤ ਕਰਨ ਤੋਂ ਅਸਫ਼ਲ ਰਹੀ ਹੈ।ਐਨ ਆਈ ਏ ਨੇ ਆਪਣੀ ਚਾਰਜਸ਼ੀਟ ਵਿੱਚ ਕਿਹਾ ਸੀ ਕਿ ਪਰਾਸ਼ਰ ਨੇ ਖ਼ਾਲਿਸਤਾਨ ਸਮਰਥਕ ਹਰਪਾਲ ਸਿੰਘ ਨਾਂ ਦੇ ਵਿਅਕਤੀ ਨੂੰ ਪਿਸਤੌਲ ਅਤੇ ਜਿੰਦਾ ਕਾਰਤੂਸ ਦਿੱਤੇ ਸਨ।

# ਇਮਾਰਤ ਢਹਿਣ ਨਾਲ ਬੱਚੇ ਅਤੇ ਮਹਿਲਾ ਦੀ ਮੌਤ

ਕੋਲਕਾਤਾ, 30 ਸਤੰਬਰ (ਪੋਸਟ ਬਿਊਰੋ)- ਕੋਲਕਾਤਾ ਦੀ ਅਹਿਰੀਟੋਲਾ ਗਲੀ ਦੇ ਉਤਰੀ ਹਿੱਸੇ ਵਿੱਚ ਇੱਕ ਪੁਰਾਣੀ ਦੋ ਮੰਜ਼ਲਾ ਇਮਾਰਤ ਦਾ ਇੱਕ ਹਿੱਸਾ ਕੱਲ੍ਹ ਸਵੇਰੇ ਢਹਿ ਗਿਆ। ਇਸ ਨਾਲ ਤਿੰਨ ਸਾਲ ਦੇ ਬੱਚੇ ਅਤੇ ਇੱਕ ਮਹਿਲਾ ਦੀ ਮੌਤ ਹੋ ਗਈ। ਉਨ੍ਹਾਂ ਨੂੰ ਇਮਾਰਤ ਦੇ ਮਲਬੇ ਹੇਠੋਂ ਕੱਢਿਆ ਗਿਆ ਪਰ ਬਾਅਦ ਵਿੱਚ ਉਨ੍ਹਾਂ ਦੀ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਇਸ ਵਿੱਚੋਂ ਚਾਰ ਲੋਕਾਂ ਨੂੰ ਕੱਢਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ 9-ਅਹਿਰੀਟੋਲਾ ਗਲੀ ਵਿਚਲੀ ਇਮ-ਾਰਤ ਦਾ ਇੱਕ ਹਿੱਸਾ ਸਵੇਰੇ ਢਹਿ ਗਿਆ। ਉਥੇ ਦੋ ਪਰਵਾਰ ਰਹਿੰਦੇ ਸਨ। ਦੋਹਾਂ ਵਿੱਚੋਂ ਇੱਕ ਪਰਵਾਰ ਉਥੋਂ ਨਿਕਲਣ ਵਿੱਚ ਸਫ਼ਲ ਰਿਹਾ, ਪਰ ਦੂਜਾ ਉਥੇ ਫੱਸ ਗਿਆ। ਕਾਮੇ ਚਾਰ ਲੋਕਾਂ ਨੂੰ ਉਥੋਂ ਕੱਢ ਚੁੱਕੇ ਹਨ ਅਤੇ ਬਾਕੀਆਂ ਨੂੰ ਕੱਢਣ ਦੀ ਕੋਸ਼ਿਸ਼ ਜਾਰੀ ਹੈ। ਅਧਿਕਾਰੀ ਨੇ ਦੱਸਿਆ ਕਿ ਸਥਾਨਕ ਲੋਕਾਂ ਨੇ ਜ਼ੋਰਬਾਗਨ ਥਾਣੇ ਵਿੱਚ ਘਟਨਾ ਦੀ ਜਾਣਕਾਰੀ ਦਿੱਤੀ। ਬਚਾਏ ਗਏ ਲੋਕਾਂ ਨੂੰ ਨੇੜੇ ਦੇ ਇੱਕ ਹਸਪਤਾਲ ਲਿਜਾਇਆ ਗਿਆ ਹੈ।

# ਕੇ ਬੀ ਸੀ ਵਿੱਚ ਅਮਿਤਾਭ ਕੋਲ ਮਹਿਲਾ ਵੱਲੋਂ ਸ਼ਾਦੀਸ਼ੁਦਾ ਜੀਵਨ ਦਾ ਖੁਲਾਸਾ

* ਪਤੀ ਨੇ ਚੈਨਲ ਅਤੇ ਪਤਨੀ ਉੱਤੇ ਕੇਸ ਕੀਤਾ

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਕੌਣ ਬਣੇਗਾ ਕਰੋੜਪਤੀ (ਕੇ ਬੀ ਸੀ) ਸ਼ੋਅ ਵਿੱਚ ਪਿਛਲੇ ਮਹੀਨੇ ਆਈ ਇੱਕ ਕੰਟੈਸਟੈਂਟ ਮਹਿਲਾ ਸ਼ਰਧਾ ਖਰੇ ਨੇ ਜਦੋਂ ਬਾਲੀਵੁੱਡ ਐਕਟਰ ਅਮਿਤਾਬ ਬੱਚਨ ਦੇ ਪੁੱਛਣ ਉੱਤੇ ਆਪਣੀ ਲਾਈਫ ਦੇ ਸੰਘਰਸ਼ ਬਾਰੇ ਦੱਸਿਆ, ਤਾਂ ਉਸ ਦੇ ਪਤੀ ਨੂੰ ਇਹ ਰਾਸ ਨਹੀਂ ਆਇਆ।

ਸ਼ਰਧਾ ਖਰੇ ਉੱਤੇ ਉਸ ਦੇ ਪਤੀ ਵਿਨੇ ਖਰੇ ਨੇ ਨੈਸ਼ਨਲ ਟੀ ਵੀ ਉੱਤੇ ਉਨ੍ਹਾਂ ਦੀ ਇਮੇਜ਼ ਖ਼ਰਾਬ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਨੇ ਸੋਨੀ ਟੀ ਵੀ ਨੂੰ ਵੀ ਇਸ ਕੇਸ ਵਿੱਚ ਧਿਰ ਬਣਾਇਆ ਹੈ। ਵਿਨੇ ਖਰੇ ਨੇ ਆਪਣੇ ਟਵਿਟਰ ਹੈਂਡਲ ਉੱਤੇ ਖੁਦ ਇਸ ਕੇਸ ਦੀ ਜਾਣਕਾਰੀ ਦਿੱਤੀ ਹੈ। ਸ਼ਰਧਾ ਖਰੇ ਅਤੇ ਵਿਨੇ ਦੇ ਵਿੱਚ ਸਬੰਧ ਠੀਕ ਨਹੀਂ ਚੱਲ ਰਹੇ ਅਤੇ ਉਨ੍ਹਾਂ ਦੀ ਲੜਾਈ ਕੋਰਟ ਤਕ ਪਹੁੰਚ ਗਈ ਹੈ। ਕੇ ਬੀ ਸੀ ਹਾਟ ਸੀਟ ਉੱਤੇ ਬੈਠੀ ਸ਼ਰਧਾ ਨੇ ਅਮਿਤਾਭ ਬੱਚਨ ਕੋਲ ਆਪਣਾ ਸਾਰਾ ਦਰਦ ਬਿਆਨ ਕਰ ਦਿੱਤਾ। ਸ਼ਰਧਾ ਨੇ ਟੀ ਵੀ ਉੱਤੇਇਹ ਵੀ ਕਿਹਾ ਕਿ ਉਨ੍ਹਾਂ ਦੇ ਪਤੀ (ਵਿਨੇ ਖਰੇ) ਉਸਦੀ ਕੋਈ ਸਪੋਰਟ ਨਹੀਂ ਕਰਦੇ। ਆਪਣੇ ਅੰਡਰਟ੍ਰਾਇਲ ਕੇਸ ਬਾਰੇ ਦੱਸਦੇ ਹੋਏ ਸ਼ਰਧਾ ਭਾਵੁਕ ਹੋ ਗਈ। ਇਸ ਦੌਰਾਨ ਅਮਿਤਾਭ ਬੱਚਨ ਚੁੱਪ-ਚਾਪ ਉਨ੍ਹਾਂ ਦੀਆਂ ਗੱਲਾਂ ਸੁਣਦੇ ਰਹੇ। ਇਸ ਐਪੀਸੋਡ ਦੇ ਟੈਲੀਕਾਸਟ ਹੋਣ ਪਿੱਛੋਂ ਵਿਨੇ ਖਰੇ ਨੇ ਆਪਣੀ ਪਤਨੀ ਅਤੇ ਚੈਨਲ ਦੇ ਖ਼ਿਲਾਫ਼ ਮੁਕੱਦਮਾ ਕਰ ਦਿੱਤਾ ਹੈ। ਵਿਨੇ ਖਰੇ ਨੇ ਨੋਟਿਸ ਦਾ ਸਕ੍ਰੀਨਸ਼ਾਟ ਸ਼ੇਅਰ ਕਰ ਕੇ ਲਿਖਿਆ, 'ਮੇਰੀ ਪਤਨੀ ਕੇ ਬੀ ਸੀ ਦੀ ਹਾਟ ਸੀਟ ਵਿੱਚ ਬੈਠੀ ਸੀ ਤੇ ਉਨ੍ਹਾਂ ਨੇ ਅੰਡਰਟ੍ਰਾਇਲ ਕੇਸ ਵਿੱਚ ਮੇਰਾ ਅਪਮਾਨ ਕੀਤਾ ਹੈ। ਇਸ ਲਈ ਲੀਗਲ ਨੋਟਿਸ ਭੇਜਿਆ ਹੈ। ਸ਼ਖ਼ਸ ਨੇ ਆਪਣੀ ਪਤਨੀ ਉੱਤੇ ਕਾਨੂੰਨ ਆਪਣੇ ਹੱਥ ਲੈਣ ਦਾ ਦੋਸ਼ ਲਾਇਆ ਹੈ। ਸ਼ਰਧਾ ਖਰੇ ਨੇ ਸ਼ੋਅ ਦੇ ਦੌਰਾਨ ਕਿਹਾ ਸੀ ਕਿ ਉਸ ਦੇ ਪਤੀ ਨੇ ਕਦੀ ਉਸ ਦਾ ਸਮਰਥਨ ਨਹੀਂ ਕੀਤਾ।

ਵਿਨੇ ਨੇ ਆਪਣੇ ਟਵੀਟ ਵਿੱਚ ਇਸ ਦਾ ਵੀ ਜਵਾਬ ਦਿੱਤਾ ਤੇ ਲਿਖਿਆ ਕਿ ਆਪਣੀ ਪਤਨੀ ਨੂੰ ਉਦਮੀ ਬਣਾਉਣ ਲਈ ਮੈਂ ਆਪਣੀ ਪੂਰੀ ਸੇਵਿੰਗ ਲਾ ਦਿੱਤੀ, ਅੱਜ ਉਹ ਇੱਕ ਇੰਟਰਨੈਸ਼ਨਲ ਬਿਜਨੈਸ ਚਲਾ ਰਹੀ ਹੈ ਅਤੇ ਮੈਂ ਉਸਵੱਲੋਂ ਕੀਤੇ ਕੇਸ ਕਾਰਨ ਬੇਰੁਜ਼ਗਾਰ ਹਾਂ। ਉਹ ਅਲੱਗ-ਅਲੱਗ ਕੋਰਟਾਂ ਵਿੱਚ ਮੇਰੇ ਤੋਂ ਮੁਆਵਜ਼ਾ ਮੰਗ ਰਹੀ ਹੈ। ਉਸ ਨੇ ਚੈਨਲ ਨੂੰ ਵੀ ਨਿਸ਼ਾਨੇ ਉੱਤੇ ਲੈਂਦੇ ਹੋਏ ਕਿਹਾ ਕਿ ਚੈਨਲ ਵਾਲੇ ਕਿਸ ਤਰ੍ਹਾਂ ਅੰਡਰਟ੍ਰਾਇਲ ਕੇਸ ਲਈ ਇੱਕ ਪਾਸੇ ਦਾ ਪੱਖ ਦਿਖਾ ਸਕਦੇ ਹਨ।ਆਪਣੇ ਇੰਟਰਵਿਊ ਵਿੱਚ ਵਿਨੇ ਕਹਿੰਦਾ ਹੈ ਕਿ ਜੇ ਮੈਂ ਇੱਕ ਅੱਤਵਾਦੀ ਹੁੰਦਾ ਤੇ ਮੇਰੇ ਉੱਤੇ ਕੋਈ ਕੇਸ ਚਲ ਰਿਹਾ ਹੁੰਦਾ ਅਤੇ ਮੈਂ ਕੇ ਬੀ ਸੀ ਵਿੱਚ ਆਉਂਦਾ ਅਤੇ ਦੇਸ਼ ਹਿਤ ਦੇ ਖ਼ਿਲਾਫ਼ ਆਪਣੀ ਕਹਾਣੀ ਸੁਣਾਉਂਦਾ ਤਾਂ ਕੀ ਕੇ ਬੀ ਸੀ ਉਸ ਨੂੰ ਪ੍ਰਸਾਰਤ ਕਰਦਾ।ਇਸ ਸ਼ੋਅ ਵਿੱਚ ਪਹੁੰਚੀ ਸ਼ਰਧਾ ਦੀ ਕਿਸਮਤ ਚੰਗੀ ਨਹੀਂ ਰਹੀ, ਉਹ ਸਿਰਫ਼ 10 ਹਜ਼ਾਰ ਰੁਪਏ ਹੀ ਜਿੱਤ ਸਕੀ। ਦੂਜੇ ਪਾਸੇਉਸ ਨੂੰ ਪਤੀ ਨਾਲ ਇੱਕ ਹੋਰ ਮਾਮਲੇ ਵਿੱਚ ਕਾਨੂੰਨੀ ਲੜਾਈ ਲੜਨੀ ਪਵੇਗੀ।

# 14 ਸਤੰਬਰ ਨੂੰ ਚੰਬੇ ਦੇ ਘਰ ਵਿੱਚ ਅੱਗ ਦਾ ਕੇਸ ਹਾਦਸਾ ਨਹੀਂ,ਕਤਲ ਨਿਕਲਿਆ

ਚੰਬਾ, 30 ਸਤੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਵਿੱਚ ਹੋਏ ਅਗਨੀਕਾਂਡ ਵਿੱਚ ਪੁਲਸ ਵੱਲੋਂ ਵੱਡਾ ਖੁਲਾਸਾ ਹੋਇਆ ਹੈ। ਘਟਨਾ ਵਿੱਚ ਜਾਨ ਗਵਾਉਣ ਵਾਲੇ ਵਿਅਕਤੀ ਦੀ ਪਤਨੀ ਨੇ ਹੀ ਆਪਣੇ ਪ੍ਰੇਮੀ ਨਾਲ ਮਿਲ ਕੇ ਇਸ ਖੌਫਨਾਕ ਵਾਰਦਾਤ ਕੀਤੀ ਅਤੇ ਆਪਣੇ ਤਿੰਨ ਮਾਸੂਮ ਬੱਚਿਆਂ ਤੇ ਪਤੀ ਦੀ ਹੱਤਿਆ ਕਰ ਦਿਤੀ ਸੀ।

ਇਸ ਔਰਤ ਦਾ ਆਪਣੇ ਪਿੰਡ ਦੇ ਹੀ ਜਮਾਤ ਅਲੀ ਦੇ ਨਾਲ ਪ੍ਰੇਮ ਸੀ। ਉਹ ਦੋਵੇਂ ਇਕੱਠੇ ਰਹਿਣਾ ਚਾਹੁੰਦੇ ਸਨ। ਇਸ ਲਈ ਦੋਵਾਂ ਨੇ ਮਿਲ ਕੇ ਪਲਾਨ ਬਣਾ ਕੇ ਘਰ ਵਿੱਚ ਅੱਗ ਲਾਈ ਤਾਂ ਕਿ ਉਹ ਸਾਰੇ ਰਸਤੇ ਵਿੱਚੋਂ ਹਟ ਜਾਣ ਤੇ ਕਿਸੇ ਨੂੰ ਸ਼ੱਕ ਨਾ ਹੋਵੇ। ਮਯੰਕ ਚੌਧਰੀ ਡੀ ਐਸ ਪੀ ਸਲੂਣੀ ਨੇ ਦੱਸਿਆ ਕਿ 13 ਸਤੰਬਰ ਨੂੰ ਚੁਰਾਹ ਘਾਟੀ ਦੇ ਪਿੰਡ ਬਿਹਾਲੀ ਵਿੱਚ ਅੱਗ ਦੇ ਧੂੰਏਂ ਵਿੱਚ ਦਮ ਘੁੱਟਣ ਕਾਰਨ ਇੱਕ ਵਿਅਕਤੀ ਤੇ ਉਸ ਦੇ ਤਿੰਨ ਬੱਚਿਆਂ ਦੀ ਮੌਤ ਹੋਣ ਦਾ ਜੋ ਮਾਮਲਾ ਸਾਹਮਣੇ ਆਇਆ ਸੀ, ਉਹ ਅਸਲ ਵਿੱਚ ਸੋਚੀ ਸਮਝੀ ਵਾਰਦਾਤ ਸੀ। ਉਨ੍ਹਾਂ ਨੇ ਦੱਸਿਆ ਕਿ ਪੁਲਸ ਰਿਮਾਂਡ ਵਿੱਚ ਦੋਸ਼ੀ ਔਰਤ ਅਤੇ ਉਸ ਦੇ ਸਾਥੀ ਨੇ ਕਬੂਲ ਕੀਤਾ ਕਿ ਰਫੀ ਮੁਹੰਮਦ ਦੇ ਸਿਰ ਦੇ ਪਿੱਛੇ ਵਾਲੇ ਹਿੱਸੇ ਵਿੱਚ ਕੁਹਾੜੀ ਨਾਲ ਵਾਰ ਕੀਤਾ ਗਿਆ ਅਤੇ ਉਸ ਦੇ ਬਾਅਦ ਘਰ ਨੂੰ ਅੱਗ ਲਈ ਸੀ। ਦੋਸ਼ੀਆਂ ਨੇ ਦਸਿਆ ਕਿ ਉਨ੍ਹਾਂ ਨੇ ਬੱਚਿਆਂ ਨੂੰ ਕੁਝ ਨਹੀਂ ਕੀਤਾ, ਅੱਗ ਲੱਗਣ ਦੇ ਕਾਰਨ ਉਨ੍ਹਾਂ ਦਾ ਦਮ ਘੁਟਣ 'ਤੇ ਮੌਤ ਹੋਈ ਸੀ। ਉਨ੍ਹਾਂ ਨੇ ਰਫੀ ਮੁਹੰਮਦ ਉੱਤੇ ਜਿਸ ਕੁਹਾੜੀ ਨਾਲ ਵਾਰ ਕੀਤਾ ਸੀ, ਉਸ ਨੂੰ ਘਰ ਵਿੱਚ ਹੀ ਲੁਕਾਇਆ ਸੀ। ਪੁਲਸ ਨੇ ਇਸ ਕੁਹਾੜੀ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਪੁਲਸ ਹੁਣ ਇਸ ਗੱਲ ਦਾ ਪਤਾ ਲਾਉਣ ਵਿੱਚ ਲੱਗ ਗਈ ਹੈ ਕਿ ਕੁਹਾੜੀ ਨਾਲ ਰਫੀ ਉੱਤੇ ਵਾਰ ਕਿਸ ਨੇ ਕੀਤਾ ਸੀ। ਅਜੇ ਤਕ ਦੋਵੇਂ ਦੋਸ਼ੀ ਇੱਕ-ਦੂਸਰੇ ਉੱਤੇ ਦੋਸ਼ ਲਗਾ ਰਹੇ ਹਨ।

# ਲੋਕ ਸਭਾ ਦੀਆਂ ਤਿੰਨ ਅਤੇ ਵਿਧਾਨ ਸਭਾ ਦੀਆਂ 30 ਸੀਟਾਂ ਉੱਤੇ 30 ਅਕਤੂਬਰ ਨੂੰ ਉਪ ਚੋਣਾਂ ਹੋਣਗੀਆਂ

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਕੱਲ੍ਹ ਐਲਾਨ ਕੀਤਾ ਹੈ ਕਿ 3 ਲੋਕ ਸਭਾ ਸੀਟਾਂ ਅਤੇ 14 ਸੂਬਿਆਂ ਦੀਆਂ 30 ਵਿਧਾਨ ਸਭਾ ਸੀਟਾਂ ਲਈ ਉਪ ਚੋਣ 30 ਅਕਤੂਬਰ ਨੂੰ ਹੋਣਗੀਆਂ ਤੇ ਵੋਟਾਂ ਦੀ ਗਿਣਤੀ ਦੋ ਨਵੰਬਰ ਨੂੰ ਹੋਵੇਗੀ। ਤਿੰਨਾਂ ਲੋਕ ਸਭਾ ਸੀਟਾਂ ਤੋਂ ਚੁਣੇ ਗਏ ਪਾਰਲੀਮੈਂਟ ਮੈਂਬਰਾਂ ਦਾ ਦਿਹਾਂਤ ਹੋਣ ਦੇ ਕਾਰਨ ਉਪ ਚੋਣ ਕਰਵਾਈ ਜਾ ਰਹੀ ਹੈ। ਭਾਜਪਾ ਦੇ ਰਾਮਸਰੂਪ ਸ਼ਰਮਾ ਦਾ ਇਸ ਸਾਲ ਮਾਰਚ ਵਿੱਚ ਦਿੱਲੀ ਦੀ ਉਨ੍ਹਾਂ ਦੀ ਰਿਹਾਇਸ਼ ਉੱਤੇ ਦਿਹਾਂਤ ਹੋ ਜਾਣ ਕਾਰਨ ਮੰਡੀ ਲੋਕ ਸਭਾ ਸੀਟ ਖਾਲੀ ਹੋ ਗਈ ਸੀ। ਭਾਜਪਾ ਨੇਤਾ ਨੰਦ ਕੁਮਾਰ ਸਿੰਘ ਚੌਹਾਨ ਦੇ ਦਿਹਾਂਤ ਦੇ ਬਾਅਦ ਖੰਡਵਾ ਸੀਟ ਉੱਤੇ ਉਪ ਚੋਣ ਕਰਾਉਣਾ ਜ਼ਰੂਰੀ ਹੋ ਗਿਆ ਹੈ। ਇਸ ਦੇ ਇਲਾਵਾ ਦਾਦਰ ਨਗਰ ਹਵੇਲੀ ਤੋਂ ਆਜ਼ਾਦ ਲੋਕ ਸਭਾ ਮੈਂਬਰ ਮੋਹਨ ਡੇਲਕਰ ਫਰਵਰੀ ਵਿੱਚ ਮੁੰਬਈ ਦੇ ਇੱਕ ਹੋਟਲ ਵਿੱਚ ਮ੍ਰਿਤਕ ਪਾਏ ਗਏ ਸਨ, ਜਿਸ ਦੇ ਕਾਰਨ ਇਸ ਸੀਟ ਉੱਤੇ ਉਪ ਚੋਣ ਕਰਵਾਈ ਜਾ ਰਹੀ ਹੈ।

ਚੋਣ ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ'ਕਮਿਸ਼ਨ ਨੇ ਮਹਾਮਾਰੀ, ਹੜ੍ਹ, ਤਿਉਹਾਰਾਂ, ਕੁਝ ਖੇਤਰਾਂ ਵਿੱਚ ਠੰਢ ਦੀ ਸਥਿਤੀ, ਸਬੰਧਤ ਸੂਬਿਆਂ-ਕੇਂਦਰ ਸ਼ਾਸਤ ਪ੍ਰਦੇਸਾਂ ਤੋਂ ਮਿਲੀ ਪ੍ਰਤੀਕਿਰਿਆ ਦੀ ਸਮੀਖਿਆ ਕੀਤੀ ਅਤੇ ਸਾਰੇ ਸਬੂਤਾਂ ਅਤੇ ਹਾਲਾਤ ਉੱਤੇ ਗੌਰ ਕਰਦੇ ਹੋਏ ਦਾਦਰ ਨਗਰ ਹਵੇਲੀ ਅਤੇ ਦਮਨ ਦੀਪ, ਕੇਂਦਰ ਸ਼ਾਸਤ ਸੂਬਿਆਂ ਅਤੇ ਮੱਧ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਸੂਬਿਆਂ ਵਿੱਚ ਤਿੰਨ ਪਾਰਲੀਮੈਂਟੀ ਸੀਟਾਂ ਉੱਤੇ ਉਪ ਚੋਣ ਕਰਵਾਉਣ ਦਾ ਫੈਸਲਾ ਲਿਆ ਹੈ। ਇਸ ਦੇ ਇਲਾਵਾ ਵੱਖ-ਵੱਖ ਰਾਜਾਂ ਦੀਆਂ ਤੀਹ ਵਿਧਾਨ ਸਭਾ ਸੀਟਾਂ ਉੱਤੇ ਉਪ ਚੋਣ ਕਰਾਉਣ ਦਾ ਫੈਸਲਾ ਲਿਆ ਗਿਆ ਹੈ।'' ਚੋਣ ਕਮਿਸ਼ਨ ਨੇ ਉਪ ਚੋਣ ਲਈ ਕੋਵਿਡ-19 ਦੇ ਮੱਦੇਨਜ਼ਰ ਕੁਝ ਪਾਬੰਦੀ ਲਾਈ ਹੈ, ਜਿਨ੍ਹਾਂ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਤੇ ਬਾਅਦ ਵਿੱਚ ਰੈਲੀਆਂ ਕੱਢਣ ਉੱਤੇ ਰੋਕ, ਪ੍ਰਚਾਰ ਲਈ ਬਾਹਰ ਕੰਪਲੈਕਸਾਂ ਵਿੱਚ ਬੈਠਣ ਦੀ ਕੁੱਲ ਸਮਰੱਥਾ ਦੇ ਪੰਜਾਹ ਫੀਸਦੀ ਲੋਕਾਂ ਨੂੰ ਮਨਜ਼ੂਰੀ, ਰਾਸ਼ਟਰੀ ਤੇ ਰਾਜ ਦੇ ਮਾਨਤਾ ਪ੍ਰਾਪਤ ਦਲਾਂ ਲਈ ਵੱਧ ਤੋਂ ਵੱਧ 20 ਸਟਾਰ ਪ੍ਰਚਾਰਕ ਅਤੇ ਚੋਣਾਂ ਖਤਮ ਹੋਣ ਤੋਂ 72 ਘੰਟੇ ਪਹਿਲਾਂ ਪ੍ਰਚਾਰ ਉੱਤੇ ਰੋਕ ਸ਼ਾਮਲ ਹੈ। ਚੋਣ ਕਮਿਸ਼ਨ ਨੇ ਚਾਰ ਸਤੰਬਰ ਨੂੰ ਪੱਛਮੀ ਬੰਗਾਲ ਵਿੱਚ ਭਵਾਨੀਪੁਰ ਸੀਟ ਅਤੇ ਉਨ੍ਹਾਂ ਤਿੰਨ ਸੀਟਾਂ ਉੱਤੇ ਉਪ ਚੋਣ ਦਾ ਐਲਾਨ ਕੀਤਾ ਸੀ ਜਿੱਥੇ ਚੋਣਾਂ ਟਾਲਣੀਆਂ ਪਈਆਂ ਸਨ। ਇਨ੍ਹਾਂ ਵਿੱਚ ਪੱਛਮੀ ਬੰਗਾਲ ਦੀਆਂ ਦੋ ਅਤੇ ਉੜੀਸਾ ਦੀ ਇੱਕ ਸੀਟ ਸ਼ਾਮਲ ਹੈ।

ਆਸਾਮ ਵਿੱਚ ਪੰਜ ਅਤੇ ਪੱਛਮੀ ਬੰਗਾਲ ਵਿੱਚ ਚਾਰ ਵਿਧਾਨ ਸਭਾ ਸੀਟਾਂ,ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਮੇਘਾਲਿਆ ਵਿੱਚ ਤਿੰਨ-ਤਿੰਨ, ਬਿਹਾਰ, ਕਰਨਾਟਕ ਅਤੇ ਰਾਜਸਥਾਨ ਵਿੱਚ ਦੋ-ਦੋ ਸੀਟਾਂ, ਆਂਧਰਾ ਪ੍ਰਦੇਸ਼, ਹਰਿਆਣਾ, ਮਹਾਰਾਸ਼ਟਰ, ਮਿਜ਼ੋਰਮ, ਨਾਗਾਲੈਂਡ ਅਤੇ ਤੇਲੰਗਾਨਾ ਵਿੱਚ ਇੱਕ-ਇੱਕ ਸੀਟ 'ਤੇ ਚੋਣ ਹੋ ਰਹੀ ਹੈ।

## ਵਿਦੇਸ਼ ਤੋਂ ਪੈਸਾ ਮੰਗਵਾਉਣਾ ਸੌਖਾ ਹੋਇਆ:

# ਫਾਰੇਨ ਤੋਂ ਡਾਇਰੈਕਟ ਫੰਡ ਟਰਾਂਸਫਰ ਦੀ ਸਹੂਲਤ ਦੇਣ ਲੱਗਾ ਪੇ ਟੀ ਐਮ



ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਵਿਦੇਸ਼ ਵਿੱਚ ਰਹਿੰਦੇ ਦੋਸਤਾਂ-ਰਿਸ਼ਤੇਦਾਰਾਂ ਤੋਂ ਕੈਸ਼ ਲੈਣ ਦਾ ਨਵਾਂ ਅਤੇ ਆਸਾਨ ਤਰੀਕਾ ਆਇਆ ਹੈ। ਪੇ ਟੀ ਐਮ ਵੱਲੋਂ ਇਹ ਸਰਵਿਸ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਨਾਲ ਵਿਦੇਸ਼ ਤੋਂ ਪੈਸੇ ਸਿੱਧੇ ਆਪਣੇ ਡਿਜੀਟਲ ਵਾਲੇਟ ਵਿੱਚ ਪਾਏ ਜਾ ਸਕਣਗੇ।

ਪੇ ਟੀ ਐਮ ਪੇਮੈਂਟਸ ਬੈਂਕ ਨੇ ਇਸ ਦੇ ਲਈ 'ਰੀਆ ਮਨੀ ਟਰਾਂਸਫਰ' ਨਾਲ ਸਮਝੌਤਾ ਕੀਤਾ ਹੈ। ਇਸ ਦਾ ਲਾਭ ਪੇ ਟੀ ਐਮ ਪੇਮੈਂਟਸ ਬੈਂਕ ਦੇ 33.3 ਕਰੋੜ ਕਸਟਮਰ ਲੈ ਸਕਣਗੇ। ਰੀਆ ਮਨੀ ਟਰਾਂਸਫਰ ਯੂਰੋਨੈਟ ਵਰਲਡਵਾਈਡ ਦਾ ਇੱਕ ਬਿਜ਼ਨਸ ਸੈਗਮੈਂਟ ਹੈ। ਇਹ ਇੱਕ ਤੋਂ ਦੂਸਰੇ ਦੇਸ਼ ਵਿੱਚ ਫੰਡ ਟਰਾਂਸਫਰ ਕਰਨ ਦੀ ਸਹੂਲਤ ਦਿੰਦਾ ਹੈ ਅਤੇ ਇਸ ਦਾ ਨੈਟਵਰਕ ਦੁਨੀਆ ਭਰ ਵਿੱਚ 360 ਕਰੋੜ ਤੋਂ ਵੱਧ ਬੈਂਕ ਅਕਾਊਂਟ ਦੇ ਨਾਲ 41 ਕਰੋੜ ਮੋਬਾਈਲ ਅਤੇ ਵਰਚੁਅਲ ਅਕਾਊਂਟ ਲਈ ਸਰਵਿਸ ਦੇ ਰਿਹਾ ਹੈ। ਇਸ ਦੇ ਦੁਨੀਆ ਭਰ ਵਿੱਚ 4,90,000 ਰਿਟੇਲ ਆਊਟਲੈਟ ਹਨ, ਪਰ ਇਸ ਦੇ ਕਸਟਮਰ ਐਪ ਜਾਂ ਵੈਬਸਾਈਟ ਦੇ ਰਾਹੀਂ ਵੀ ਕੈਸ਼ ਟਰਾਂਸਫਰ ਕਰ ਸਕਦੇ ਹਨ। ਰੀਆ ਆਪਣੀ ਸਰਵਿਸ ਰੀਅਲ ਟਾਈਮ ਬੇਸਿਸ ਉੱਤੇ ਦਿੰਦੀ ਹੈ। ਯਾਨੀ ਇੱਕ ਪਾਰਟੀ ਦੇ ਫੰਡ ਟਰਾਂਸਫਰ ਕਰਦੇ ਸਾਰ ਦੂਸਰੀ ਪਾਰਟੀ ਨੂੰ ਪੈਸਾ ਮਿਲ ਜਾਂਦਾ ਹੈ। ਇਸ ਦੇ ਫੰਡ ਟਰਾਂਸਫਰ ਵਿੱਚ ਕਈ ਤਰ੍ਹਾਂ ਦੇ ਸਕਿਓਰਿਟੀ ਫੀਚਰ ਹਨ। ਜਿਵੇਂ ਕਿ ਪੇਮੈਂਟ ਤੋਂ ਪਹਿਲਾਂ ਅਕਾਊਂਟ ਵੈਲੀਡੇਸ਼ਨ ਦੇ ਇਲਾਵਾ ਨਾਂਅ ਦਾ ਵੀ ਮਿਲਾਨ ਹੋਵੇਗਾ।

# ਈ ਡੀ ਵੱਲੋਂ ਵੱਡੀ ਕਾਰਵਾਈ, ਬ੍ਰਿਟੇਨ ਵਿੱਚ ਵਧਾਵਨ ਭਰਾਵਾਂ ਦੀ 578 ਕਰੋੜ ਰੁਪਏ ਦੀ ਜਾਇਦਾਦ ਜ਼ਬਤ

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ ਵੱਡੀ ਕਾਰਵਾਈ ਕਰਦੇ ਹੋਏ ਉਤਰ ਪ੍ਰਦੇਸ਼ ਪਾਵਰ ਕਾਰਪੋਰੇਸ਼ਨ ਲਿਮਟਿਡ (ਯੂ ਪੀ ਪੀ ਸੀ ਐਲ) ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਸਬੰਧ ਵਿੱਚ ਡੀ ਐਚ ਐਫ ਐਲ ਦੇ ਸਾਬਕਾ ਪ੍ਰਮੋਟਰਾਂ ਕਪਿਲ ਵਧਾਵਨ ਤੇ ਉਨ੍ਹਾਂ ਦੇ ਭਰਾ ਧੀਰਜ ਦੀ ਮਾਲਕੀ ਵਾਲੀ ਬ੍ਰਿਟੇਨ ਦੀ ਇੱਕ ਕੰਪਨੀ ਦੀ 578 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ।



ਪਤਾ ਲੱਗਾ ਹੈ ਕਿ ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਬ੍ਰਿਟੇਨ ਦੀਆਂ ਕੰਪਨੀਆਂ ਵਿੱਚ ਡਬਲਿਊ ਜੀ ਸੀ-ਯੂ ਕੇ ਰਾਹੀਂ ਵਧਾਵਨ ਭਰਾਵਾਂ ਵੱਲੋਂ ਕੀਤੇ ਨਿਵੇਸ਼ ਦੇ ਰੂਪ ਵਿੱਚ ਹਨ ਅਤੇ ਮਨੀ ਲਾਂਡਰਿੰਗ ਰੋਕੂ ਐਕਟ (ਪੀ ਐਮ ਐਲ ਏ) ਅਧੀਨ ਇੱਕ ਅੰਤਿਮ ਹੁਕਮ ਜਾਰੀ ਕੀਤਾ ਗਿਆ। ਵਧਾਵਨ ਬ੍ਰਦਰਜ਼ ਯੈਸ ਬੈਂਕ ਨਾਲ ਸਬੰਧਤ ਕਰਜ਼ਾ ਧੋਖਾਦੇਹੀ ਦੇ ਮਨੀ ਲਾਂਡਰਿੰਗ ਕੇਸ ਵਿੱਚ ਜੇਲ੍ਹ ਵਿੱਚ ਹਨ।ਦੋਹਾਂ ਭਰਾਵਾਂ ਵਿਰੁੱਧ ਈ ਡੀ ਦਾ ਤਾਜ਼ਾ ਕੇਸ ਲਖਨਊ ਪੁਲਸ ਵੱਲੋਂ ਉਤਰ ਪ੍ਰਦੇਸ਼ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਕੁਝ ਫੰਡ ਅਤੇ ਸੀ ਏ ਐਫ ਦਾ ਸਰਕਾਰੀ ਨੋਟੀਫਿਕੇਸ਼ਨ ਅਤੇ ਨਿਰਦੇਸ਼ਾਂ ਦੀ ਉਲੰਘਣਾ ਕਰਦੇ ਹੋਏ ਦੀਵਾਨ ਹਾਊਸਿੰਗ ਫਾਇਨਾਂਸ ਲਿਮਟਿਡ ਵਿੱਚ ਗੈਰ-ਕਾਨੂੰਨੀ ਨਿਵੇਸ਼ ਵਿਰੁੱਧ ਦਰਜ ਇੱਕ ਸ਼ਿਕਾਇਤ ਉੱਤੇ ਆਧਾਰਤ ਹੈ।ਈ ਡੀ ਨੇ ਬੇਂਗਲੁਰੂ ਵਿੱਚ ਇੱਕ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਮਧੁਕਰ ਦੇ ਵਿਰੁੱਧ ਮਨੀ ਲਾਂਡਰਿੰਗ ਕੇਸ ਵਿੱਚ 19 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਕੁਰਕ ਕਰ ਲਈ ਹੈ। ਵਾਈਸ ਚਾਂਸਲਰ ਉੱਤੇ ਕਈ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਠੱਗਣ ਦਾ ਦੋਸ਼ ਹੈ। ਈ ਡੀ ਨੇ ਕਿਹਾ ਕਿ ਇਹ ਜਾਇਦਾਦਾਂ ਮਧੁਕਰ ਜੀ ਅੰਗੁਰ, ਪ੍ਰਿਯਕ ਐਮ, ਅੰਗੁਰ, ਰਵੀ ਕੁਮਾਰ, ਸ਼ਰੁਤੀ ਤੇ ਪਵਨ ਡਿੰਬਰ ਦੀਆਂ ਹਨ।ਮਨੀ ਲਾਂਡਰਿੰਗ ਰੋਕੂ ਐਕਟ ਅਧੀਨ ਕੁਰਕੀ ਦਾ ਇੱਕ ਹੁਕਮ ਜਾਰੀ ਕੀਤਾ ਗਿਆ ਹੈ। ਜਾਇਦਾਦਾਂ ਵਿੱਚ ਇੱਕ ਬੈਂਕ ਖਾਤਾ, ਛੇ ਫਲੈਟ ਅਤੇ 19.43 ਕਰੋੜ ਰੁਪਏ ਦੀ ਕੀਮਤ ਦੇ ਦੋ ਪਲਾਟ ਸ਼ਾਮਲ ਹਨ। ਈ ਡੀ ਨੇ ਦਾਅਵਾ ਕੀਤਾ ਹੈ ਕਿ ਮਧੁਕਰ ਨੇ ਮਾਤਾ-ਪਿਤਾ ਕੋਲੋਂ ਆਪਣੇ ਬੱਚਿਆਂ ਦੀ ਫੀਸ ਗੈਰ-ਕਾਨੂੰਨੀ ਢੰਗ ਨਾਲ ਨਵੇਂ ਖੋਲ੍ਹੇ ਗਏ ਖਾਤਿਆਂ ਵਿੱਚ ਜਮ੍ਹਾ ਕਰਾਉਣ ਲਈ ਕਿਹਾ ਸੀ। 4500 ਵਿਦਿਆਰਥੀਆਂ ਨੇ 107 ਕਰੋੜ ਰੁਪਏ ਦੀ ਰਕਮ ਜਮ੍ਹਾ ਕਰਵਾਈ ਸੀ। ਇਹ ਰਕਮ ਮਧੁਕਰ ਅਤੇ ਹੋਰਨਾਂ ਵੱਲੋਂ ਕਢਵਾ ਲਈ ਗਈ ਸੀ।




# ਇਕਵਾਡੋਰ ਦੀ ਜੇਲ੍ਹ ਵਿੱਚ ਖ਼ੂਨੀ ਟਕਰਾਅ ਵਿੱਚ 24 ਕੈਦੀ ਮਰੇ

ਕਵੀਟੋ, 30 ਸਤੰਬਰ (ਪੋਸਟ ਬਿਊਰੋ)- ਦੱਖਣੀ ਅਮਰੀਕੀ ਦੇਸ਼ ਇਕਵਾਡੋਰ ਦੇ ਸਮੁੰਦਰੀ ਕੰਢੇ ਦੇ ਪ੍ਰਮੁੱਖ ਸ਼ਹਿਰ ਗਵਾਇਆਕਿਲ ਦੇ ਟਾਪੂ ਦੀ ਇੱਕ ਜੇਲ੍ਹ ਵਿੱਚ ਹਿੰਸਕ ਝੜਪਾਂ ਹੋਣ ਨਾਲ 24 ਕੈਦੀਆਂ ਦੀ ਮੌਤ ਹੋ ਗਈ ਅਤੇ 48 ਜ਼ਖ਼ਮੀ ਹੋ ਗਏ ਹਨ। ਇਹ ਝੜਪਾਂ ਕੱਲ੍ਹ ਹੋਈਆਂ। ਇਕਵਾ-ਡੋਰ ਦੀ ਜੇਲ੍ਹ ਸੇਵਾ ਨੇ ਕਿਹਾ ਕਿ ਪੁਲਸ ਅਤੇ ਫ਼ੌਜ ਕਰੀਬ ਪੰਜ ਘੰਟੇ ਬਾਅਦ ਗੁਆਇਕਿਲ ਖੇਤਰੀ ਜੇਲ੍ਹ ਵਿੱਚ ਸਥਿਤੀ ਨੂੰ ਕਾਬੂ ਕਰਨ ਵਿੱਚ ਕਾਮਯਾਬ ਹੋਈਆਂ।

ਗੁਆਸ ਦੇ ਗਵਰਨਰ ਪਾਬਲੋ ਅਰੋਸੇਮੇਨਾ ਨੇ ਜੇਲ੍ਹ ਦੇ ਬਾਹਰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਹਾਲਤ ਕਾਬੂ ਵਿੱਚ ਹੈ।ਅਧਿਕਾਰੀਆਂ ਨੇ ਦੱਸਿਆ ਕਿ ਹਿੰਸਕ ਝੜਪਾਂ ਵਿੱਚ ਗੋਲੀਆਂ ਚਲਾਈਆਂ ਗਈਆਂ, ਚਾਕੂ ਚੱਲੇ ਤੇ ਕਈ ਧਮਾਕੇ ਵੀ ਹੋਏ। ਇਹ



ਹਿੰਸਕ ਝੜਪਾਂ ਜੇਲ੍ਹ ਵਿੱਚ 'ਲੌਸ ਲੋਬੋਸ' ਅਤੇ 'ਲੌਸ ਚੋਨੇਰੋਸ' ਗੈਂਗਾਂ ਵਿੱਚ ਹੋਈਆਂ। ਟੈਲੀਵਿਜ਼ਨ ਉੱਤੇ ਦਿਖਾਈਆਂ ਗਈਆਂ ਤਸਵੀਰਾਂ ਵਿੱਚ ਕੈਦੀਆਂ ਨੂੰ ਜੇਲ੍ਹ ਦੀਆਂ ਖ਼ਿੜਕੀਆਂ ਤੋਂ ਗੋਲੀਆਂ ਚਲਾਉਂਦੇ ਦੇਖਿਆ ਜਾ ਸਕਦਾ ਹੈ। ਗੁਆਸ ਸਰਕਾਰ ਨੇ ਆਪਣੇ ਟਵਿਟਰ ਅਕਾਊਂਟ ਉੱਤੇ ਕੁਝ ਤਸਵੀਰਾਂ ਵੀ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿੱਚ ਛੇ ਰਸੋਈਆਂ ਨੂੰ ਜੇਲ੍ਹ ਦੇ ਇੱਕ ਹਿੱਸੇ ਵਿੱਚੋਂ ਨਿਕਲਦਿਆਂ ਦੇਖਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਜੁਲਾਈ ਵਿੱਚ ਹੋਈ ਖ਼ੂਨੀ ਝੜਪ ਵਿੱਚ 100 ਤੋਂ ਵੱਧ ਕੈਦੀ ਮਾਰੇ ਗਏ ਸਨ।

# ਸਿੱਖ ਫ਼ੌਜੀ ਅਫ਼ਸਰ ਨੂੰ ਲੰਮੇ ਸੰਘਰਸ਼ ਮਗਰੋਂ ਡਿਊਟੀ ਉੱਤੇ ਪੱਗ ਬੰਨ੍ਹਣ ਦੀ ਇਜਾਜ਼ਤ ਮਿਲੀ

ਵਾਸ਼ਿੰਗਟਨ, 30 ਸਤੰਬਰ (ਪੋਸਟ ਬਿਊਰੋ)- ਅਮਰੀਕੀ ਸਮੁੰਦਰੀ ਫੌਜ ਵਿੱਚ ਕੰਮ ਕਰ ਰਹੇ ਇੱਕ ਸਿੱਖ ਅਫ਼ਸਰ ਨੂੰ ਡਿਊਟੀ ਦੌਰਾਨ ਪੱਗ ਬੰਨ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

ਯੂ ਐਸ ਮਰੀਨ ਕੋਰ ਦੇ ਲੈਫ਼ਟੀਨੈਂਟ ਸੁਖਬੀਰ ਸਿੰਘ ਤੂਰ, ਜਿਹੜੇ ਪਿਛਲੇ ਪੰਜ ਸਾਲ ਤੋਂ ਆਪਣੇ ਇਸ ਅਧਿਕਾਰ ਲਈ ਸੰਘਰਸ਼ ਕਰ ਰਹੇ ਸਨ, ਨੂੰ ਰੋਜ਼ਾਨਾ ਡਿਊਟੀ ਦੌਰਾਨ ਪੱਗ ਬੰਨ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਨਿਊਯਾਰਕ ਟਾਈਮਜ਼ ਮੁਤਾਬਕ ਮਰੀਨ ਕੋਰ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਜਦੋਂ ਕਿਸੇ ਨੂੰ ਆਪਣੀਆਂ ਧਾਰਮਿਕ ਭਾਵਨਾਵਾਂ ਦੇ ਸਨਮਾਨ ਨੂੰ ਦੇਖਦੇ ਹੋਏ ਅਜਿਹੀ ਛੋਟ ਦਿੱਤੀ ਗਈ ਹੈ।ਲੈਫ਼ਟੀਨੈਂਟ ਤੂਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਦੀ ਤਰ੍ਹਾਂ ਆਪਣੇ ਦੇਸ਼



ਅਤੇ ਆਪਣੀਆਂ ਧਾਰਮਿਕ ਭਾਵਨਾਵਾਂ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਨਹੀਂ ਪਵੇਗਾ। ਉਹ ਦੋਹਾਂ ਨੂੰ ਇਕੱਠੇ ਲੈ ਕੇ ਅੱਗੇ ਵੱਧ ਸਕਦੇ ਹਨ। ਅਮਰੀਕੀ ਸੈਨਾ ਵਿੱਚ ਲੰਮੇ ਸਮੇਂ ਤੋਂ ਏਦਾਂ ਦਾ ਵਿਵਾਦ ਚੱਲ ਰਿਹਾ ਹੈ, ਜਿੱਥੇ ਕਿਸੇ ਸੈਨਿਕ ਨੂੰ ਇਸ ਤਰ੍ਹਾਂ ਦੀ ਛੋਟ ਦੇਣ ਦੇ ਚਰਚੇ ਜਾਰੀ ਹਨ। ਅਮਰੀਕਾ ਤੋਂ ਇਲਾਵਾ ਬ੍ਰਿਟੇਨ, ਕੈਨੇਡਾ, ਆਸਟ੍ਰੇਲੀਆ ਵਿੱਚ ਵੀ ਸਿੱਖ ਸੈਨਿਕਾਂ ਨੂੰ ਇਸ ਤਰ੍ਹਾਂ ਦੀ ਛੋਟ ਮਿਲ ਗਈ ਹੈ, ਪਰ ਅਮਰੀਕਾ ਦੀ ਮਰੀਨ ਕੋਰ ਦੇ 246 ਸਾਲਾ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੈ ਜਦੋਂ ਕਿਸੇ ਨੂੰ ਪੱਗ ਬੰਨ੍ਹਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਸਿੱਖ ਅਫ਼ਸਰ ਲਈ ਕੁਝ ਨਿਯਮ ਵੀ ਲਾਗੂ ਕੀਤੇ ਗਏ ਹਨ। ਲੈਫ਼ਟੀਨੈਂਟ ਤੂਰ ਨੂੰ ਆਪਣੀ ਰੋਜ਼ਾਨਾ ਡਿਊਟੀ ਮੌਕੇ ਪੱਗ ਬੰਨ੍ਹਣ ਦੀ ਇਜਾਜ਼ਤ ਹੋਵੇਗੀ ਪਰ ਜੇ ਉਨ੍ਹਾਂ ਦੀ ਡਿਊਟੀ ਕਿਸੇ ਹਿੰਸਾਗ੍ਰਸਤ ਜਗ੍ਹਾ ਉੱਤੇ ਲੱਗਦੀ ਹੈ ਤਾਂ ਉਹ ਅਜਿਹਾ ਨਹੀਂ ਕਰ ਸਕਣਗੇ। ਨਾਲ ਹੀ ਜੇ ਕਿਸੇ ਯੂਨਿਟ ਦਾ ਸਮਾਰੋਹ ਹੁੰਦਾ ਹੈ ਤਾਂ ਉਥੇ ਪੂਰੀ ਵਰਦੀ ਪਾਉਣ ਲਈ ਪੱਗ ਬੰਨ੍ਹਣ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਉੱਤੇ ਲੈਫ਼ਟੀਨੈਂਟ ਤੂਰ ਦਾ ਕਹਿਣਾ ਹੈ ਕਿ ਹਾਲੇ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਕੁਝ ਜਿੱਤ ਮਿਲੀ ਹੈ ਪਰ ਅੱਗੇ ਦੀ ਲੜਾਈ ਹਾਲੇ ਜਾਰੀ ਹੈ। ਲੈਫ਼ਟੀਨੈਂਟ ਤੂਰ ਨੇ ਸਾਲ 2017 ਵਿੱਚ ਮਰੀਨ ਜੁਆਇਨ ਕੀਤੀ ਸੀ ਉਦੋਂ ਤੋਂ ਹੀ ਉਨ੍ਹਾਂ ਨੂੰ ਪੱਗ ਬੰਨ੍ਹਣ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ।

# ਤਾਲਿਬਾਨ ਵੱਲੋਂ ਕਾਬੁਲ ਤੋਂ ਅਗਵਾ ਭਾਰਤੀ ਕਾਰੋਬਾਰੀ ਰਿਹਾਅ

ਅੰਮ੍ਰਿਤਸਰ, 30 ਸਤੰਬਰ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਤੋਂ 14 ਸਤੰਬਰ ਨੂੰ ਅਗਵਾ ਕੀਤੇ ਭਾਰਤੀ ਮੂਲ ਦੇ ਕਾਰੋਬਾਰੀ ਬੰਸਰੀ ਲਾਲ ਨੂੰ ਛੱਡ ਦਿੱਤਾ ਗਿਆ ਹੈ। ਇਸ ਕੇਸ ਵਿੱਚ ਭਾਰਤ ਸਰਕਾਰ ਵੱਲੋਂ ਵੀ ਲਗਾਤਾਰ ਤਾਲਿਬਾਨ ਸਰਕਾਰ ਉੱਤੇ ਦਬਾਅ ਬਣਾਇਆ ਗਿਆ ਸੀ।

ਇਸ ਹਿੰਦੂ ਕਾਰੋਬਾਰੀ ਦਾ ਪਰਵਾਰ ਦਿੱਲੀ ਵਿੱਚ ਹੈ ਅਤੇ ਉਹ ਉਥੇ ਫਾਰਮਾਸਿਟੀਕਲ ਪ੍ਰਾਡਕਟਸ ਦਾ ਵਪਾਰੀ ਹੈ। ਬੰਸਰੀ ਲਾਲ ਇਸ ਸਮੇਂ ਆਪਣੇ ਭਰਾ ਅਸ਼ੋਕ ਲਾਲ ਦੇਕੋਲ ਹੈ। ਤਾਲਿਬਾਨ ਅਧਿਕਾਰੀਆਂ ਨੇ ਇਸ ਅਗਵਾ ਕੇਸ ਬਾਰੇ ਕਾਬੁਲ ਦੇ 11 ਜ਼ਿਲ੍ਹਿਆਂ ਵਿੱਚ ਸ਼ਿਕਾਇਤ ਦਰਜ ਕਰਵਾਈ ਅਤੇ ਦਾਅਵਾ ਕੀਤਾ ਸੀ ਕਿ ਇਸ ਘਟਨਾ ਵਿੱਚ ਤਾਲਿਬਾਨ ਨਹੀਂ, ਅਣਪਛਾਤੇ ਬੰਦੂਕਧਾਰੀ ਸ਼ਾਮਲ ਸਨ।

ਉਧਰ ਅਫ਼ਗਾਨਿਸਤਾਨ ਉੱਤੇ ਤਾਲਿਬਾਨ ਵੱਲੋਂ ਕਬਜ਼ੇ ਤੋਂ ਬਾਅਦ ਵੱਖ-ਵੱਖ ਜੇਲ੍ਹਾਂ ਵਿੱਚ ਰਿਹਾਅ ਕੀਤੇ ਹਜ਼ਾਰਾਂ ਖ਼ੌਫ਼ਨਾਕ ਕੈਦੀ ਉਨ੍ਹਾਂ ਮਹਿਲਾ ਜੱਜਾਂ ਦੀ ਭਾਲ ਕਰ ਰਹੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸਜ਼ਾ ਸੁਣਾਈ ਸੀ। ਦੱਸਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ ਵਿੱਚ 200 ਤੋਂ ਵੱਧ ਅਜਿਹੀਆਂ ਮਹਿਲਾ ਜੱਜ ਹਨ, ਜਿਨ੍ਹਾਂ ਨੂੰ ਇਨ੍ਹਾਂ ਕੈਦੀਆਂ ਤੋਂ ਧਮਕੀ ਦੇ ਸੰਦੇਸ਼ ਮਿਲ ਰਹੇ ਹਨ। ਤਾਲਿਬਾਨ ਦੇ ਬੁਲਾਰੇ ਬਿਲਾਲ ਕਰੀਮੀ ਦਾ ਕਹਿਣਾ ਹੈ ਕਿ ਮਹਿਲਾ ਜੱਜਾਂ ਨੂੰ ਜੇ ਕੋਈ ਧਮਕੀ ਮਿਲਦੀ ਹੈ, ਤਾਂ ਇਸ ਦੀ ਜਾਂਚ ਤਾਲਿਬਾਨ ਪ੍ਰਸ਼ਾਸਨ ਕਰੇਗਾ। ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਦੇ ਅਫਸਰਾਂ ਨੇ ਕਿਹਾ ਹੈ ਕਿ ਅਮਰੀਕੀ ਡਰੋਨ ਅਫ਼ਗਾਨਿਸਤਾਨ ਦੇ ਹਵਾਈ ਖੇਤਰ ਵਿੱਚ ਲਗਾਤਾਰ ਦਾਖਲ ਹੋ ਰਹੇ ਹਨ। ਤਾਲਿਬਾਨ ਨੇ ਸਾਰੇ ਦੇਸ਼ਾਂ ਤੇ ਖ਼ਾਸ ਕਰਕੇ ਅਮਰੀਕਾ ਨੂੰ ਅਜਿਹੀਆਂ ਗਤੀਵਿਧੀਆਂ ਉੱਤੇ ਰੋਕ ਲਗਾਉਣ ਲਈ ਚਿਤਾਵਨੀ ਦਿੱਤੀ ਹੈ।

# ਕਾਬੁਲ ਯੂਨੀਵਰਸਿਟੀ ਵਿੱਚ ਔਰਤਾਂ ਦੀ ਐਂਟਰੀ ਉਤੇ ਰੋਕ ਲੱਗੀ

ਕਾਬੁਲ, 30 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਉੱਤੇ ਕਬਜ਼ਾ ਹੋਣ ਪਿੱਛੋਂ ਤਾਲਿਬਾਨ ਨੇ ਕਾਬੁਲ ਯੂਨੀਵਰਸਿਟੀ ਵਿੱਚ ਔਰਤਾਂ ਦੀ ਐਂਟਰੀ ਉੱਤੇ ਰੋਕ ਲਾ ਦਿੱਤੀ ਹੈ।

ਤਾਲਿਬਾਨ ਵੱਲੋਂ ਨਿਯੁਕਤ ਯੂਨੀਵਰਸਿਟੀ ਦੇ ਨਵੇਂ ਚਾਂਸਲਰ ਮੁਹੰਮਦ ਅਸ਼ਰਫ ਨੇ ਕਿਹਾ ਕਿ ਯੂਨੀਵਰਸਿਟੀ 'ਚ ਵਿਦਿਆਰਥਣਾਂ ਜਾਂ ਟੀਚਰਾਂ ਦੀ ਐਂਟਰੀ ਉੱਤੇ ਰੋਕ ਲਾ ਦਿੱਤੀ ਗਈ ਹੈ।ਮੁਹੰਮਦ ਅਸ਼ਰਫ ਨੇ ਟਵੀਟ ਕਰ ਕੇ ਕਿਹਾ ਕਿ ''ਮੈਂ ਕਾਬੁਲ ਯੂਨੀਵਰਸਿਟੀ ਦੇ ਚਾਂਸਲਰ ਵਜੋਂ ਐਲਾਨ ਕਰਦਾ ਹਾਂ ਕਿ ਜਦ ਤਕ



ਸਾਰਿਆਂ ਦੇ ਲਈ ਢੁੱਕਵਾਂ ਇਸਲਾਮਿਕ ਮਾਹੌਲ ਨਹੀਂ ਹੋ ਜਾਂਦਾ, ਤਦ ਤਕ ਯੂਨੀਵਰਸਿਟੀ ਵਿੱਚ ਔਰਤਾਂ ਦੇ ਪੜ੍ਹਨ ਜਾਂ ਕੰਮ ਕਰਨ ਉੱਤੇ ਰੋਕ ਰਹੇਗੀ।'' ਤਾਲਿਬਾਨ ਨੇ ਪੀ ਐਚ ਡੀ ਹੋਲਡਰ ਮੁਹੰਮਦ ਉਸਮਾਨ ਨੂੰ ਹਟਾ ਕੇ ਉਨ੍ਹਾਂ ਦੀ ਜਗ੍ਹਾ ਬੀ ਏ ਪਾਸ ਮੁਹੰਮਦ ਅਸ਼ਰਫ ਨੂੰ ਚਾਂਸਲਰ ਬਣਾ ਦਿੱਤਾ। ਤਾਲਿਬਾਨ ਨੇ ਕਿਹਾ ਕਿ ਉਹ ਅਸਥਾਈ ਤੌਰ 'ਤੇ ਸਾਬਕਾ ਰਾਜਾ ਮੁਹੰਮਦ ਜ਼ਹੀਰ ਸ਼ਾਹ ਦੇ ਯੁੱਗ ਦੇ ਸੰਵਿਧਾਨ ਨੂੰ ਅਪਣਾਏਗਾ, ਜਿਸ ਦੀ 57 ਸਾਲ ਪਹਿਲਾਂ 1964 ਵਿੱਚ ਪੈਰਵੀ ਕੀਤੀ ਗਈ ਸੀ।

ਇਸ ਦੌਰਾਨ ਅਫਗਾਨਿਸਤਾਨ ਤੋਂ ਫੌਜੀਆਂ ਨੂੰ ਵਾਪਸ ਬੁਲਾਉਣ ਬਾਰੇ ਅਮਰੀਕੀ ਕਾਂਗਰਸ ਵਿੱਚ ਪਹਿਲੀ ਗਵਾਹੀ ਵਿੱਚ ਅਮਰੀਕਾ ਦੇ ਸੀਨੀਅਰ ਫੌਜੀ ਅਧਿਕਾਰੀ ਨੇ 20 ਸਾਲ ਦੀ ਜੰਗ ਨੂੰ ਰਣਨੀਤਕ ਅਸਫਲਤਾ ਦੱਸਿਆ। ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਅਫਗਾਨਿਸਤਾਨ ਉੱਤੇ ਤਾਲਿਬਾਨ ਦੇ ਕਬਜ਼ੇ ਨੂੰ ਰੋਕਣ ਲਈ ਅਮਰੀਕਾ ਨੂੰ ਕੁਝ ਹਜ਼ਾਰ ਫੌਜੀ ਉਥੇ ਤੈਨਾਤ ਰੱਖਣੇ ਚਾਹੀਦੇ ਸਨ।

# ਅਮਰੀਕਾ ਵਿੱਚ ਪੰਜਾਬੀ ਦੀ ਗੈਰ ਗੋਰੇ ਵੱਲੋਂ ਗੋਲੀਆਂ ਮਾਰ ਕੇ ਹੱਤਿਆ




ਸਿਆਟਲ, 30 ਸਤੰਬਰ (ਪੋਸਟ ਬਿਊਰੋ)- ਸਿਆਟਲ ਦੇ ਸ਼ਹਿਰ ਲੈਨਵੁੱਡ ਵਿਖੇ ਕੱਲ੍ਹ ਤੜਕੇ ਇੱਕ ਗੈਸ ਸਟੇਸ਼ਨ ਉੱਤੇ ਇੱਕ ਗੈਰ ਗੋਰੇ ਨੇ ਗੋਲੀਆਂ ਮਾਰ ਕੇ ਉਥੇ ਕੰਮ ਕਰਦੇ ਪੰਜਾਬੀ ਤੇਜਪਾਲ ਸਿੰਘ (60 ਸਾਲ) ਨੂੰ ਮਾਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਲੈਨਵੁੱਡ ਗੈਸ ਸਟੇਸ਼ਨ ਉੱਤੇ ਕੰਮ ਕਰਦੇ 60 ਸਾਲਾ ਤੇਜ਼ਪਾਲ ਸਿੰਘ ਨੇ ਰੋਜ਼ਾਨਾ ਵਾਂਗ ਸਵੇਰੇ ਪੰਜ ਵਜੇ ਗੈਸ ਸਟੇਸ਼ਨ ਖੋਲ੍ਹਿਆ ਅਤੇ 5.30 ਵਜੇ ਦੇ ਕਰੀਬ ਇੱਕ ਗੈਰ ਗੋਰਾ, ਜਿਸ ਨੇ ਮੂੰਹ ਉੱਤੇ ਮਾਸਕ ਪਾ ਰੱਖਿਆ ਸੀ, ਆਇਆ ਅਤੇ ਉਸਨੇ ਆਉਂਦੇ ਸਾਰ ਹੀ ਤੇਜਪਾਲ ਸਿੰਘ ਉੱਤੇ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਦੋਸ਼ੀ ਘਟਨਾ ਤੋਂ ਬਾਅਦ ਫਰਾਰ ਹੋ ਗਿਆ। ਪੁਲਸ ਘਟਨਾ ਸਥਾਨ ਉੱਤੇ ਪਹੁੰਚੀ ਅਤੇ ਸੀ ਸੀ ਟੀ ਵੀ ਦੇ ਆਧਾਰ ਉੱਤੇਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਤੇਜਪਾਲ ਸਿੰਘ ਪੰਜਾਬ ਦੇ ਜਲੰਧਰ ਜ਼ਿਲ੍ਹਾ ਦੇ ਨਕੋਦਰ ਨੇੜੇ ਸਰੀਂਹ ਪਿੰਡ ਦਾ ਵਸਨੀਕ ਸੀ ਤੇ ਪਿਛਲੇ ਕਾਫ਼ੀ ਸਮੇਂ ਤੋਂ ਸਿਆਟਲ ਦੇ ਲੈਨਵੁੱਡ ਵਿਖੇ ਪਰਵਾਰ ਸਮੇਤ ਰਹਿ ਰਿਹਾ ਸੀ। ਪੁਲਸ ਇਸ ਘਟਨਾ ਦੀ ਸਾਰੇ ਪੱਖਾਂ ਤੋਂ ਜਾਂਚ ਕਰ ਰਹੀ ਹੈ।

## ਸਾਬਕਾ ਵਿਦੇਸ਼ ਮੰਤਰੀ ਕਿਸ਼ਿਦਾ ਜਾਪਾਨ ਵਿੱਚ ਅਗਲੇ ਪ੍ਰਧਾਨ ਮੰਤਰੀ ਹੋਣਗੇ



ਟੋਕੀਓ, 30 ਸਤੰਬਰ (ਪੋਸਟ ਬਿਊਰੋ)- ਜਾਪਾਨ ਦੇ ਸਾਬਕਾ ਵਿਦੇਸ਼ ਮੰਤਰੀ ਫਾਸ਼ੀਓ ਕਿਸ਼ਿਦਾ ਨੇ ਹੁਕਮ-ਰਾਨ ਪਾਰਟੀ ਦੇ ਆਗੂ ਵਜੋਂ ਚੋਣ ਜਿੱਤ ਲਈ ਹੈ। ਇਸ ਨਾਲ ਉਨ੍ਹਾਂ ਦੇ ਪ੍ਰਧਾਨ ਮੰਤਰੀ ਬਣਨ ਦਾ ਰਾਹ ਪੱਧਰਾ ਹੋ ਗਿਆ ਹੈ। ਪ੍ਰਧਾਨ ਮੰਤਰੀ ਬਣਨ ਉੱਤੇ ਕਿਸ਼ਿਦਾ ਅੱਗੇ ਮਹਾਮਾਰੀ ਤੋਂ ਪ੍ਰਭਾਵਤ ਅਰਥਚਾਰੇ ਨੂੰ ਲੀਹ ਉੱਤੇ ਲਿਆਉਣ ਅਤੇ ਵਧਦੇ ਖੇਤਰੀ ਸੁਰੱਖਿਆ ਖਤਰਿਆਂ ਨਾਲ ਸਿੱਝਣ ਲਈ ਅਮਰੀਕਾ ਨਾਲ ਮਜ਼ਬੂਤ ਗੱਠਜੋੜ ਬਣਾਉਣ ਦੀ ਚੁਣੌਤੀ ਹੋਵੇਗੀ।

ਕਿਸ਼ਿਦਾ ਪਾਰਟੀ ਦੇ ਮੌਜੂਦਾ ਆਗੂ ਅਤੇ ਪ੍ਰਧਾਨ ਮੰਤਰੀ ਯੋਸ਼ੀਹਿਦ ਸੁਗਾ ਦੀ ਥਾਂ ਲੈਣਗੇ। ਪਿਛਲੇ ਸਾਲ ਸਤੰਬਰ ਵਿੱਚ ਪਾਰਟੀ ਮੁਖੀ ਦਾ ਅਹੁਦਾ ਸੰਭਾਲਣ ਦੇ ਇੱਕ ਸਾਲ ਬਾਅਦ ਸੁਗਾ ਇਹ ਅਹੁਦਾ ਛੱਡ ਰਹੇ ਹਨ। ਲਿਬਰਲ ਡੈਮੋਕ੍ਰੇਟਿਕ ਪਾਰਟੀ ਦੇ ਨਵੇਂ ਆਗੂ ਵਜੋਂ ਕਿਸ਼ਿਦਾ ਦਾ ਪਾਰਲੀਮੈਂਟ ਵਿੱਚ ਸੋਮਵਾਰ ਨੂੰ ਅਗਲਾ ਪ੍ਰਧਾਨ ਮੰਤਰੀ ਚੁਣਿਆ ਜਾਣਾ ਤੈਅ ਹੈ। ਕਿਸ਼ਿਦਾ ਨੇ ਪਾਰਟੀ ਆਗੂ ਦੀ ਚੋਣ ਲਈ ਮੁਕਾਬਲੇ ਵਿੱਚ ਟੀਕਾਕਰਨ ਮੰਤਰੀ ਤਾਰੋ ਕੋਨੋ ਨੂੰ ਹਰਾਇਆ ਹੈ। ਪਹਿਲੇ ਗੇੜ ਵਿੱਚ ਉਨ੍ਹਾਂ ਦੋ ਮਹਿਲਾ ਉਮੀਦਵਾਰਾਂ ਸਨਾ ਤਕਾਇਚੀ ਅਤੇ ਸੇਈਕੋ ਨੋਡਾ ਨੂੰ ਹਰਾਇਆ ਸੀ। ਚੋਣ ਨਤੀਜਿਆਂ ਮੁਤਾਬਕ ਕਿਸ਼ਿਦਾ ਨੂੰ ਆਪਣੀ ਪਾਰਟੀ ਦੇ ਵੱਡੇ ਆਗੂਆਂ ਤੋਂ ਵੱਧ ਸਮਰਥਨ ਮਿਲਿਆ ਹੈ ਜਿਨ੍ਹਾਂ ਸਥਿਰਤਾ ਦੀ ਚੋਣ ਕੀਤੀ ਹੈ। ਨਵੇਂ ਆਗੂ ਉੱਤੇ ਪਾਰਟੀ ਦੀ ਦਿੱਖ ਸੁਧਾਰਨ ਦਾ ਦਬਾਅ ਹੋਵੇਗਾ, ਜੋ ਸੁਗਾ ਦੀ ਅਗਵਾਈ ਹੇਠ ਖਰਾਬ ਹੋਈ ਹੈ।






# ਪਾਕਿ ਵਿੱਚ ਕੁਫਰ ਦੇ ਦੋਸ਼ ਹੇਠ ਸਕੂਲ ਦੀ ਪ੍ਰਿੰਸੀਪਲ ਨੂੰ ਮੌਤ ਦੀ ਸਜ਼ਾ



ਲਾਹੌਰ, 30 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਲਾਹੌਰ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਨੇ ਕੱਲ੍ਹ ਨਿਸ਼ਤਰ ਕਾਲੋਨੀ ਦੇ ਇੱਕ ਪ੍ਰਾਈਵੇਟ ਸਕੂਲ ਦੀ ਪ੍ਰਿੰਸੀਪਲ ਸਲਮਾ ਤਨਵੀਰ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਨਾਲ ਹੀ ਪੰਜ ਹਜ਼ਾਰ ਰੁਪਏ ਪਾਕਿਸਤਾਨੀ ਰੁਪਏ ਜੁਰਮਾਨਾ ਵੀ ਕੀਤਾ ਹੈ।

ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਮੰਸੂਰ ਅਹਿਮਦ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਤਨਵੀਰ ਨੇ ਪੈਗੰਬਰ ਮੁਹੰਮਦ ਨੂੰ ਇਸਲਾਮ ਦਾ ਅੰਤਿਮ ਪੈਗੰਬਰ ਨਾ ਮੰਨ ਕੇ ਰੱਬੀ ਨਿੰਦਾ ਕੀਤੀ ਹੈ। ਲਾਹੌਰ ਦੀ ਪੁਲਸ ਨੇ 2013 ਵਿੱਚ ਇੱਕ ਸਥਾਨਕ ਮੌਲਵੀ ਦੀ ਸ਼ਿਕਾਇਤ ਉੱਤੇ ਤਨਵੀਰ ਵਿਰੁੱਧ ਇਹ ਕੇਸ ਦਰਜ ਕੀਤਾ ਸੀ। ਉਸ ਉੱਤੇ ਪੈਗੰਬਰ ਮੁਹੰਮਦ ਨੂੰ ਇਸਲਾਮ ਦਾ ਅੰਤਿਮ ਪੈਗੰਬਰ ਨਾ ਮੰਨਣ ਅਤੇ ਖੁਦ ਨੂੰ ਇਸਲਾਮ ਦਾ ਪੈਗੰਬਰ ਹੋਣ ਦਾ ਦਾਅਵਾ ਕਰਨ ਦਾ ਦੋਸ਼ ਲਾਇਆ ਸੀ। ਪਾਕਿਸਤਾਨ ਵਿੱਚ 1987 ਤੋਂ ਲਾਗੂ ਰੱਬੀ ਨਿੰਦਾ ਕਾਨੂੰਨ ਅਧੀਨ ਅੱਜ ਤੱਕ ਘੱਟੋ-ਘੱਟ 1472 ਵਿਅਕਤੀਆਂ ਵਿਰੁੱਧ ਦੋਸ਼ ਲਾਏ ਗਏ ਹਨ।

ਇਹ ਨਿੰਦਾ ਕਾਨੂੰਨ ਬਸਤੀਵਾਦ ਦੌਰ ਦਾ ਹੈ ਪਰ ਸਾਬਕਾ ਤਾਨਾਸ਼ਾਹ ਜਨਰਲ ਜ਼ਿਆ-ਉਲ-ਹਕ ਨੇ ਇਸ ਵਿੱਚ ਸੋਧ ਕੀਤੀ ਸੀ ਜਿਸ ਕਾਰਨ ਨਿਰਧਾਰਤ ਸਜ਼ਾ ਦੀ ਗੰਭੀਰਤਾ ਵਧ ਗਈ।

# ਪਾਕਿ ਵਿੱਚ ਚਪੜਾਸੀ ਅਹੁਦੇ ਲਈ 15 ਲੱਖ ਤੋਂ ਜ਼ਿਆਦਾ ਲੋਕਾਂ ਦੀਆਂ ਅਰਜ਼ੀਆਂ

ਲਾਹੌਰ, 30 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਬਦ ਹਾਲੀ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਉਥੇ ਹਾਈ ਕੋਰਟ ਵਿੱਚ ਚਪੜਾਸੀ ਦੇ ਅਹੁਦੇ ਲਈ 15 ਲੱਖ ਤੋਂ ਵੱਧ ਅਰਜ਼ੀਆਂ ਆਈਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ ਇੰਸਟੀਚਿਊਟ ਆਫ ਡਿਵੈਲਪਮੈਂਟ ਇਕੋਨਾਮਿਕਸ (ਪੀ ਆਈ ਡੀ ਈ) ਨੇ ਇਹ ਅੰਕੜੇ ਜਾਰੀ ਕੀਤੇ ਹਨ, ਜਿਨ੍ਹਾ ਅਨੁਸਾਰ ਗੁਆਂਢੀ ਦੇਸ਼ ਵਿੱਚ ਬੇਰੁਜ਼ਗਾਰੀ ਦਰ 16 ਫੀਸਦੀ ਤਕ ਪਹੁੰਚ ਗਈ ਹੈ। ਇਨ੍ਹਾਂ ਅੰਕੜਿਆਂ ਤੋਂ ਇਮਰਾਨ ਖਾਨ ਦੀ ਅਗਵਾਈ ਹੇਠ ਪਾਕਿਸਤਾਨ ਸਰਕਾਰ ਦੇ 6.5 ਫੀਸਦੀ ਬੇਰੁਜ਼ਗਾਰੀ ਦੇ ਦਾਅਵੇ ਦੀਆਂ ਧੱਜੀਆਂ ਉਡ ਜਾਂਦੀਆਂ ਹਨ।ਅਧਿਕਾਰੀਆਂ ਨੇ ਦੱਸਿਆ ਕਿ ਚਪੜਾਸੀ ਦੇ ਅਹੁਦੇ ਲਈ ਅਰਜ਼ੀ ਦੇਣ ਵਾਲੇ ਲੋਕਾਂ ਵਿੱਚ ਐਮਫਿਲ ਡਿਗਰੀ ਹੋਲਡਰ ਵੀ ਸ਼ਾਮਲ ਹਨ, ਜਿਸਤੋਂ ਸਾਫ ਹੋ ਜਾਂਦਾ ਹੈ ਕਿ ਪਾਕਿਸਤਾਨ ਵਿੱਚ



ਬੇਰੁਜ਼ਗਾਰੀ ਦੀ ਹਾਲਤ ਕੀ ਹੈ। ਪਾਕਿਸਤਾਨ ਦੇ ਪ੍ਰਮੁੱਖ ਅਖ਼ਬਾਰ ਡਾਨ ਵਿੱਚ ਛਪੀ ਖ਼ਬਰ ਦੇ ਅਨੁਸਾਰ ਪੀ ਆਈ ਡੀ ਈ ਨੇ ਦੇਸ਼ ਵਿੱਚ ਬੇਰੁਜ਼ਗਾਰੀ ਦੀ ਵੱਧਦੀ ਦਰ ਦੀ ਸਮੱਸਿਆ ਨੂੰ ਉਜਾਗਰ ਕੀਤਾ ਹੈ।ਪੀ ਆਈ ਡੀ ਈ ਦੇ ਅਨੁਸਾਰ ਪਾਕਿ-ਸਤਾਨ ਵਿੱਚ ਘੱਟੋ ਘੱਟ 24 ਫੀਸਦੀ ਸਿੱਖਿਅਕ ਬੇਰੁਜ਼ਗਾਰ ਹਨ ਤੇ ਇਮ-ਰਾਨ ਸਰਕਾਰ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦਾ ਕਬਜ਼ਾ ਹੋਣ ਦੇ ਬਾਅਦ ਨਾ ਸਿਰਫ ਖ਼ੁਸ਼ੀ ਮਨਾ ਰਹੀ ਹੈ, ਸਗੋਂ ਉਨ੍ਹਾਂ ਨੂੰ ਮਾਨਤਾ ਦਿਵਾਉਣ ਦੀ ਵੀ ਕੋਸ਼ਿਸ਼ ਕਰ ਰਹੀ ਹੈ। ਪੀ ਆਈ ਡੀ ਈ ਦੇ ਅਨੁਸਾਰ ਪਾਕਿਸਤਾਨ ਵਿੱਚ ਗ੍ਰੈਜੁਏਟ ਤਕ ਦੀਆਂ 40 ਫੀਸਦੀ ਸਿੱਖਿਅਕ ਮਹਿਲਾਵਾਂ ਬੇਰੁਜ਼ਗਾਰ ਹਨ।

ਤਾਲਿਬਾਨ ਦਾ ਬੱਚਿਆਂ ਉੱਤੇ ਤਸ਼ੱਦਦ:

# ਪਿਤਾ ਦੀ ਵਿਰੋਧੀ ਧਿਰ ਨਾਲ ਸਾਂਝ ਦੇ ਸ਼ੱਕ ਵਿੱਚ ਮਾਸੂਮ ਦਾ ਗੋਲੀਆਂ ਮਾਰ ਕੇ ਕਤਲ

ਕਾਬੁਲ, 30 ਸਤੰਬਰ (ਪੋਸਟ ਬਿਊਰੋ)- ਅਫ਼ਗਾਨਿਸਤਾਨ ਉੱਤੇ ਕਬਜ਼ਾ ਕਰਨ ਤੇ ਸਰਕਾਰ ਬਣਾਉਣ ਪਿੱਛੋਂ ਤਾਲਿਬਾਨ ਸ਼ਰੀਆ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰ ਰਿਹਾ ਹੈ। ਉਹ ਪਿਛਲੀ ਸਰਕਾਰ ਦੇ ਲੋਕਾਂ, ਅਮਰੀਕਾ ਦੇ ਸਹਾਇਕਾਂ ਅਤੇ ਦੇਸ਼ ਵਿਰੋਧੀ ਸ਼ਕਤੀਆਂ ਦੇ ਮੈਂਬਰਾਂ ਨੂੰ ਲੱਭ-ਲੱਭ ਕੇ ਮਾਰ ਰਿਹਾ ਹੈ। ਉਨ੍ਹਾਂ ਦੇ ਪਰਵਾਰ ਅਤੇ ਬੱਚਿਆਂ ਤਕ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਦੌਰਾਨ ਤਾਲਿਬਾਨ ਨੇ ਅਫ਼ਗਾਨਿਸਤਾਨ ਦੇ ਤੱਖਰ ਸੂਬੇ ਵਿੱਚ ਇੱਕ ਬੱਚੇ ਨੂੰ ਇਸ ਸ਼ੱਕ ਵਿੱਚ ਮਾਰ ਦਿੱਤਾ ਕਿ ਉਸ ਦਾ ਪਿਤਾ ਅਫ਼ਗਾਨ ਵਿਰੋਧੀ ਤਾਕਤਾਂ ਦਾ ਹਿੱਸਾ ਸੀ।

ਦੱਸਿਆ ਜਾ ਰਿਹਾ ਹੈ ਕਿ ਬੱਚੇ ਦਾ ਕਤਲ ਬੜੀ ਬੇਰਹਿਮੀ ਨਾਲ ਗੋਲੀਆਂ ਮਾਰ ਕੇ ਕੀਤਾ ਗਿਆ। ਪੰਜਸ਼ੀਰ ਅਤੇ ਦੇਸ਼ ਦੀ ਸਥਿਤੀ ਨੂੰ



ਕਵਰ ਕਰਨ ਵਾਲੇ ਇੱਕ ਆਜ਼ਾਦ ਮੀਡੀਆ ਆਊਟਲੈਟ 'ਪੰਜਸ਼ੀਰ ਆਬਜ਼ਰਵਰ' ਨੇ ਇੱਕ ਟਵੀਟ ਵਿੱਚ ਇਸ ਦੀ ਜਾਣਕਾਰੀ ਦਿੱਤੀ। ਟਵੀਟ ਵਿੱਚ ਲਿਖਿਆ ਗਿਆ, 'ਤੱਖਰ ਸੂਬੇ ਵਿੱਚ ਤਾਲਿਬਾਨ ਲੜਾਕਿਆਂ ਨੇ ਇੱਕ ਬੱਚੇ ਨੂੰ ਉਸਦੇ ਪਿਤਾ ਦੇ ਤਾਲਿਬਾਨ ਵਿਰੋਧੀ ਹੋਣ ਦੇ ਸ਼ੱਕ ਵਿੱਚ ਮਾਰ ਦਿੱਤਾ।'

ਬੱਚੇ ਦਾ ਬੇਰਹਿਮੀ ਨਾਲ ਕਤਲ ਅਫ਼ਗਾਨੀਆਂ ਉੱਤੇ ਤਾਲਿਬਾਨ ਦੀ ਕਾਰਵਾਈ ਦੀ ਤਾਜ਼ਾ ਘਟਨਾ ਹੈ। 15 ਅਗਸਤ ਨੂੰ ਯੁੱਧ ਪੀੜਤ ਦੇਸ਼ ਉੱਤੇਕਬਜ਼ਾ ਕਰ ਚੁੱਕੇ ਤਾਲਿਬਾਨ ਨੇ ਆਮ ਮੁਆਫ਼ੀ ਦਾ ਐਲਾਨ ਕੀਤਾ ਅਤੇ ਕਿਹਾ ਸੀ ਕਿ ਕਾਬੁਲ ਉੱਤੇ ਕਬਜ਼ੇ ਦੇ ਬਾਅਦ ਜੰਗ ਖ਼ਤਮ ਹੋ ਗਈ ਹੈ, ਕਿਸੇ ਤੋਂ ਕੋਈ ਬਦਲਾ ਨਹੀਂ ਲਿਆ ਜਾਵੇਗਾ ਪਰ ਉਨ੍ਹਾ ਦੀ ਬੇਰਹਿਮੀ ਜਾਰੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਤਾਲਿਬਾਨ ਅਜਿਹੀ ਸਜ਼ਾ ਦੇਣਾ ਅੱਗੇ ਵੀ ਜਾਰੀ ਰਖੇਗਾ।

## ਲੀਸਾਈਡ ਕੌਂਡੋ ਵਿੱਚ ਅੱਗ ਲੱਗਣ ਕਾਰਨ ਮਹਿਲਾ ਦੀ ਹੋਈ ਮੌਤ



ਓਨਟਾਰੀਓ, 30 ਸਤੰਬਰ (ਪੋਸਟ ਬਿਊਰੋ) : ਲੀਸਾਈਡ ਵਿੱਚ ਇੱਕ ਕੌਂਡੋਮੋਨੀਅਮ ਵਿੱਚ ਲੱਗੀ ਅੱਗ ਕਾਰਨ ਇੱਕ ਬਜ਼ੁਰਗ ਮਹਿਲਾ ਦੀ ਮੌਤ ਹੋ ਗਈ।

ਬੁੱਧਵਾਰ ਨੂੰ ਰਾਤੀਂ 1:00 ਵਜੇ ਤੋਂ ਬਾਅਦ ਲੇਅਰਡ ਡਰਾਈਵ ਤੇ ਐਗਲਿੰਟਨ ਐਵਨਿਊ ਨੇੜੇ ਮਿੱਲਵੁੱਡ ਰੋਡ ਉੱਤੇ ਸਥਿਤ ਇੱਕ ਇਮਾਰਤ ਦੀ ਪਹਿਲੀ ਮੰਜ਼ਿਲ ਉੱਤੇ ਅੱਗ ਲੱਗਣ ਤੋਂ ਬਾਅਦ ਫਾਇਰ ਅਮਲੇ ਨੂੰ ਮੌਕੇ ਉੱਤੇ ਸੱਦਿਆ ਗਿਆ। ਇੱਕ ਮਹਿਲਾ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਇਸ ਮਹਿਲਾ ਦੀ ਮੌਤ ਹੋ ਗਈ। ਉਸ ਦੀ ਉਮਰ ਦਾ ਸਹੀ ਪਤਾ ਨਹੀਂ ਲੱਗ ਸਕਿਆ ਹੈ।

ਓਨਟਾਰੀਓ ਫਾਇਰ ਮਾਰਸ਼ਲ ਦੇ ਆਫਿਸ ਨੇ ਆਖਿਆ ਕਿ ਇੰਜ ਲੱਗਦਾ ਹੈ ਕਿ ਅੱਗ ਬੈੱਡਰੂਮ ਤੋਂ ਸ਼ੁਰੂ ਹੋਈ। ਸ਼ੁਰੂ ਵਿੱਚ ਫਾਇਰ ਅਧਿਕਾਰੀਆਂ ਨੇ ਆਖਿਆ ਕਿ ਪ੍ਰਾਈਵੇਟ ਰੈਜ਼ੀਡੈਂਸ਼ੀਅਲ ਬਿਲਡਿੰਗ ਵਿੱਚ ਬਹੁਤਾ ਕਰਕੇ ਸੀਨੀਅਰਜ਼ ਹੀ ਰਹਿੰਦੇ ਸਨ ਤੇ ਫਾਇਰ ਅਲਾਰਮ ਵੀ ਕੰਮ ਕਰ ਰਹੇ ਸਨ। ਇਸ ਘਟਨਾ ਵਿੱਚ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਅੱਗ ਉੱਤੇ ਕਾਬੂ ਪਾ ਲਿਆ ਗਿਆ ਹੈ।

# ਕਿਵੇਂ ਮਨਾਇਆ ਜਾਵੇ ਨੈਸ਼ਨਲ ਡੇਅ ਫੌਰ ਟਰੁੱਥ ਐਂਡ ਰੀਕੌਂਸੀਲਿਏਸ਼ਨ

ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਇੰਡੀਜੀਨਸ ਮਾਨਤਾਵਾਂ ਦੀ ਪੈਰਵੀ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਕੈਨੇਡੀਅਨਜ਼, ਰੈਜ਼ੀਡੈਂਸ਼ੀਅਲ ਸਕੂਲ ਸਰਵਾਈਵਰਜ਼ ਦੀਆਂ ਕਹਾਣੀਆਂ ਸੁਣ ਕੇ, ਸੰਤਰੀ ਰੰਗ ਦੀਆਂ ਸ਼ਰਟਸ ਪਾ ਕੇ, ਮੂਲਵਾਸੀਆਂ ਨਾਲ ਸਬੰਧਤ ਕੰਮਾਂ ਲਈ ਡੋਨੇਸ਼ਨ ਦੇ ਕੇ ਤੇ ਕਾਰਵਾਈ ਲਈ ਨਿਰਧਾਰਤ 94 ਮਾਮਲਿਆਂ ਵਿੱਚੋਂ ਇੱਕ ਜਾਂ ਵੱਧ ਲਈ ਨਿਜੀ ਤੌਰ ਉੱਤੇ ਲੜਾਈ ਕਰਨ ਦੀ ਚੋਣ ਕਰਕੇ ਨੈਸ਼ਨਲ ਡੇਅ ਫੌਰ ਟਰੁੱਥ ਐਂਡ ਰੀਕੌਂਸੀਲਿਏਸ਼ਨ ਮਨਾ ਸਕਦੇ ਹਨ।

